Intellectual Quest ISSN 2349-1949 Vol-24, December 2025
A Peer reviewed and Refreed Journal)

# ਦਲਿਤ: ਸਿੱਧਾਂਤਕ ਪਰਿਪੇਖ

(ਇਤਿਹਾਸਕ ਦ੍ਰਿਸ਼ਟੀਕੋਣ ਤੋਂ)

ਡਾ: ਸਿਧਾਰਥ ਕੁਮਾਰ [1]

ਜਾਤੀ-ਪ੍ਰਥਾ ਜਾਂ ਵਰਨ-ਵਿਵਸਥਾ ਭਾਰਤੀ ਸਮਾਜ ਦੀ ਅਸਾਵੀਂ ਵਰਗ-ਵੰਡ ਹੈ। ਜਾਤ-ਪਾਤ ਦੀਆਂ ਜੜ੍ਹਾਂ ਇੰਨੀਆਂ ਗਹਿਰੀਆਂ ਬਣਾ ਦਿੱਤੀਆਂ ਗਈਆਂ ਹਨ ਕਿ ਭਾਰਤੀ ਸਮਾਜ ਦਾ ਅਟੁੱਟ ਅੰਗ ਬਣ ਗਈ ਹੈ। ਵਰਨ-ਵਿਵਸਥਾ ਦੀ ਪੌੜੀ ਦੇ ਆਖ਼ਰੀ ਪਾਏਦਾਨ 'ਤੇ ਜੋ ਵਰਗ ਖੜਾ ਹੈ ਉਹ ਹੈ ਦਲਿਤ, ਹਰੀਜਨ ਜਾਂ ਅਛੂਤ।

'ਦਲਿਤ' ਲਈ ਭਾਰਤੀ ਸੰਸਕ੍ਰਿਤ ਸਾਹਿਤ ਵਿਚ ਸ਼ੂਦਰ, ਨਿਸ਼ਾਦ,[2] ਪ੍ਰਾਸ਼ਵਾ,[3] ਉੂਗਰਾ,[4] ਆਯੋਗਵਾ,[5] ਚਾਂਡਾਲ,[6] ਦ੍ਰਾਵਿੜ,[7] ਕਾਰਾਵਾਰ,[8] ਦਸਯੂ,[9] ਅਤੇ ਧਿਗਵਾਣਾ,[10] ਆਦਿ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਸੀ। ਪੰਜਾਬੀ ਆਲੋਚਕਾਂ ਨੇ ਦਲਿਤ ਲਈ ਹਾਸ਼ੀਅਗਤ ਸ਼ਬਦ ਦੀ ਵਰਤੋਂ ਕੀਤੀ, ਜੋ ਸਿੱਧਾਂਤਕ ਰੂਪ ਵਿਚ ਅੰਗਰੇਜ਼ੀ ਦੇ ਸ਼ਬਦ 'subaltern' ਦਾ ਪੰਜਾਬੀ ਪਰਿਆਇ ਹੈ। ਜਿਸ ਦਾ ਮਤਲਬ ਅਧੀਨ ਜਾਂ subordinate ਹੈ। "ਮੱਧਕਾਲੀਨ ਇੰਗਲੈਂਡ ਵਿਚ ਇਹ ਸ਼ਬਦ ਗੁਲਾਮਾਂ ਅਤੇ ਮਿਲਟਰੀ ਦੇ ਛੋਟੇ ਰੈਂਕਾਂ ਲਈ ਵਰਤਿਆ ਜਾਣ ਲਗਾ।"[11] ਪਰ ਕਿਸੇ ਵੀ ਅਰਥ ਧਰਾਤਲ 'ਤੇ ਪਹੁੰਚ ਕੇ ਇਹ 'ਦਲਿਤ' ਸ਼ਬਦ ਦੇ ਪਰਿਆਇ ਨਹੀਂ ਬਣ ਸਕਿਆ। "ਹਾਸ਼ੀਆਗਤ ਸ਼ਬਦ ਮਰਦ-ਪ੍ਰਧਾਨ ਸਮਾਜ ਵਿਚ ਔਰਤ ਲਈ ਤਾਂ ਵਰਤਿਆ ਜਾ ਸਕਦਾ ਹੈ ਪਰ 'ਦਲਿਤ' ਲਈ ਇਹ ਸ਼ਬਦ ਵਧੇਰੇ ਉੱਚਿਤ ਨਹੀਂ ਜਾਪਦਾ।"[12]

CGCTA

---

[1] ਅਸਿਸਟੈਂਟ ਪ੍ਰੋਫ਼ੈਸਰ, ਪੋਸਟ ਗਰੈਜੂਏਟ ਗੌਰਮਿੰਟ ਕਾਲਜ, ਸੈਕਟਰ-46, ਚੰਡੀਗੜ੍ਹ
[2] ਮਨੂ ਸਮ੍ਰਿਤੀ, 10.8
[3] ਉਹੀ,
[4] ਉਹੀ, 10.9
[5] ਉਹੀ, 10.12
[6] ਉਹੀ
[7] ਉਹੀ, 10.36
[8] ਉਹੀ, 10.44
[9] ਉਹੀ, 10.45
[10] ਉਹੀ, 10.49
[11] International encyclopedia of social science, vol.8, P. 190.
[12] ਸਿਧਾਰਥ ਕੁਮਾਰ, "ਜੜ੍ਹਾਂ ਕਹਾਣੀ : ਪਰਤ ਦਰ ਪਰਤ", ਪੰਜਾਬੀ ਸਾਹਤ ਦਲਿਤ ਪ੍ਰਵਚਨ, ਯੂਨੀਸਟਾਰ ਬੁਕਸ ਪ੍ਰਾਈਵੇਟ ਲਿਮਿ, ਚੰਡੀਗੜ੍ਹ (2015), ਪੰਨਾ 40.

"ਦਲਿਤ ਸ਼ਬਦ ਦੀ ਵਰਤੋਂ ਪਹਿਲੀ ਵਾਰ ਮਹਾਂਰਾਸਟਰ ਦੇ ਕ੍ਰਾਂਤੀਕਾਰੀ ਸਮਾਜ-ਸੁਧਾਰਕ ਆਗੂ ਅਤੇ ਗ਼ੈਰ-ਬ੍ਰਾਹਮਣ ਲਹਿਰ (ਸਤਿਆਸ਼ੋਧਕ ਸਮਾਜ) ਦੇ ਬਾਨੀ ਜਿਯੋਤੀਰਾਉ ਫੂਲੇ ਨੇ ਕੀਤੀ। ਉਸਨੇ ਭਾਰਤੀ ਸਮਾਜ ਦੀ ਜਾਤੀ-ਪ੍ਰਥਾ ਹਥੋਂ ਪੀੜਤ ਅਤੇ ਦਮਿਤ ਅਛੂਤ ਜਾਤੀਆਂ ਨੂੰ ਦਲਿਤ ਦਾ ਨਾਂ ਦਿੱਤਾ।"[13] ਇਸ ਲਈ "ਦਲਿਤ ਵਰਗ ਦੀ ਹੋਣੀ ਨੂੰ ਦਲਿਤ ਸ਼ਬਦ ਹੀ ਸਹੀ ਅਰਥਾਂ ਵਿਚ ਵਿਅਕਤ ਕਰ ਸਕਦਾ ਹੈ।"[14] ਪੰਜਾਬੀ ਵਿਚ ਦਲਿਤ ਲਈ ਹੁਣ ਤਕ ਪ੍ਰਾਪਤ ਪਰਿਭਾਸ਼ਾਵਾਂ ਵਿਚ 'ਦੱਬਿਆ, ਕੁਚਲਿਆ ਜਾਂ ਲਿਤਾੜਿਆ ਮਨੁੱਖ[15] ਮੰਨਿਆ ਜਾਂਦਾ ਹੈ। ਪਰ ਹਰ ਦੱਬਿਆ, ਕੁਚਲਿਆ ਜਾਂ ਲਤਾੜਿਆ ਹੋਇਆ ਵਿਅਕਤੀ ਦਲਿਤ ਨਹੀਂ ਹੋ ਸਕਦਾ। "ਦਲਿਤ ਨਾਲ ਛੂਤ-ਛਾਤ, ਸਮਾਜਿਕ-ਤ੍ਰਿਸਕਾਰ ਅਤੇ ਨਾ-ਬਰਾਬਰੀ ਜੁੜੀ ਹੋਈ ਹੈ, ਜਿਸ ਤੋਂ ਭਿੱਟੇ ਜਾਣ ਦਾ ਖਤਰਾ ਸਮਾਜ ਦੇ ਲਗਪਗ ਹਰੇਕ ਪਰੰਪਰਾਗਤ ਉੱਚ ਵਰਗ ਲਈ ਬਣਿਆ ਰਹਿੰਦਾ ਹੈ।"[16]

ਹੁਣ ਲਗਪਗ ਸਾਰੇ ਇਤਿਹਾਸਕਾਰ ਮੰਨਣ ਲਗ ਪਏ ਹਨ ਕਿ ਦ੍ਰਾਵਿੜ ਜਾਤੀ ਪ੍ਰਾਚੀਨ ਵਿਸ਼ਵ ਦੀ ਅਤਿਅੰਤ ਸੁਸਭਿਅਕ ਜਾਤੀ ਸੀ ਅਤੇ ਭਾਰਤ ਵਿਚ ਵੀ ਸਭਿਅਤਾ ਦਾ ਵਾਸਤਵਿਕ ਆਰੰਭ ਇਸੇ ਜਾਤੀ ਨੇ ਕੀਤਾ।[17] ਬਾਵਜੂਦ ਇਸਦੇ ਆਰੀਆ ਦੀ ਆਮਦ ਨੇ ਭਾਰਤ ਵਿਚ ਮੌਜੂਦ ਅਣਆਰੀਆ/ਦ੍ਰਾਵਿੜ ਜਾਤੀਆਂ ਨੂੰ ਸਮਾਜਕ ਪੱਧਰ 'ਤੇ ਸਭ ਤੋਂ ਨੀਵੇਂ ਸਥਾਨ 'ਤੇ ਲੈ ਆਂਦਾ। ਧਾੜਵੀ ਤੇ ਘੁਮੰਕੜ ਆਰੀਆ ਜਦੋਂ ਸਿੰਧ ਘਾਟੀ ਦੀ ਸ਼ਹਿਰੀ ਸਭਿਅਤਾ ਉਪਰ ਹਮਲਾ ਕਰਦੇ ਹਨ ਤਾਂ ਸਾਰਿਆਂ ਨੂੰ ਖਦੇੜ ਮਾਰਦੇ ਹਨ। ਸ਼ਾਂਤੀ ਪਸੰਦ ਦ੍ਰਾਵਿੜ ਜਾਂ ਤਾਂ ਡਰਦੇ ਮਾਰੇ ਦੱਖਣ ਵੱਲ ਭੱਜ ਗਏ ਅਤੇ ਜਾਂ ਜੇਤੂ ਨਸਲ ਦੇ ਦਾਸ ਬਣ ਕੇ ਕਹਿ ਗਏ। "ਮੂਲ ਨਿਵਾਸੀਆਂ ਨੂੰ ਬੁਰੀ ਤਰ੍ਹਾਂ ਹਰਾਉਣ ਤੋਂ ਬਾਅਦ ਉਹਨਾਂ ਗੁਲਾਮਾਂ ਨੂੰ ਘਟੀਆ ਸਾਬਤ ਕਰਨ ਹਿੱਤ ਆਰੀਆ ਨੇ ਉਹਨਾਂ ਲਈ ਸ਼ੂਦਰ ਜਾਂ ਅਤਿ ਸ਼ੂਦਰ ਸ਼ਬਦ ਵਰਤੇ।"[18] ਅਣਆਰੀਆ/ਦ੍ਰਾਵਿੜਾਂ ਨਾਲ ਊਚ-ਨੀਚ, ਛੂਆ ਛੂਤ ਅਤੇ ਜਾਤ-ਪਾਤ ਦੇ ਸੰਕਲਪ ਜੋੜ ਕੇ ਉਹਨਾਂ ਨਾਲ ਭੇਦ-ਭਾਵ, ਸਮਾਜਿਕ ਤ੍ਰਿਸਕਾਰ ਅਤੇ ਘ੍ਰਿਣਾ, ਵੈਦਿਕ ਕਾਲ ਤੋਂ ਲੈ ਕੇ ਅੱਜ ਤਕ ਕੀਤੀ ਜਾ ਰਹੀ ਹੈ। ਦਲਿਤਾਂ ਦੇ ਹੱਕਾਂ ਦੀ ਰਾਖੀ ਲਈ ਮਹਾਤਮਾ ਬੁੱਧ, ਗੁਰੂ ਨਾਨਕ ਦੇਵ ਅਤੇ ਕਈ ਪੀਰਾਂ-ਫਕੀਰਾਂ ਨੇ ਆਪਣੀ ਗੱਲ ਤਿੱਖੇ ਸੁਰ ਵਿਚ ਕਹੀ, ਪਰ ਇਹ ਸਾਰੇ ਮਿਸ਼ਨਰੀ ਮਿਲ ਕੇ ਵੀ ਸਮਾਜ ਦੀ ਸਾਂਝੀ ਮਾਨਸਿਕਤਾ (Collective Conciousness) ਨੂੰ ਨਹੀਂ ਬਦਲ ਸਕੇ। "ਜਾਤੀ-ਪ੍ਰਥਾ ਦੇ ਅਸੰਖ ਰੂਪ

CGCTA

---

[13] ਜਗਬੀਰ ਸਿੰਘ, ਮਾਨਵ ਮੁਕਤੀ ਅਤੇ ਦਲਿਤ ਚੇਤਨਾ ਦਾ ਪ੍ਰਵਚਨ, ਪੰਨਾ 198.
[14] ਸਿਧਾਰਥ ਕੁਮਾਰ, ਉਹੀ, ਪੰਨਾ 40.
[15] www.wikipedia.com/Dalit/meaning of dealit
[16] ਸਿਧਾਰਥ ਕੁਮਾਰ, ਉਹੀ
[17] ਰਾਮਧਾਰੀ ਸਿੰਘ ਦਿਨਕਰ, ਸਭਿਆਚਾਰ ਦੇ ਚਾਰ ਅਧਿਆਇ, ਪੰਜਾਬੀ ਯੂਨੀਵਰਸਿਟੀ, ਪਟਿਆਲਾ, (1992), ਪੰਨਾ 15.
[18] ਸੁਮੇਧ ਜਸਵਾਲ, ਹਮ ਹਿੰਦੂ ਨਹੀਂ, ਪੰਨਾ 3.

ਭਾਰਤ ਦੇ ਵਚਿੱਤਰ ਸੁਭਾਅ ਦੇ ਉਦਾਹਰਨ ਹਨ।"[19] ਭਾਰਤ ਵਿਚ ਦੋਵੇਂ ਗੱਲਾਂ ਇਕੋ ਸਮੇਂ ਚਲੀਆਂ, ਇਕ ਪਾਸੇ ਤਾਂ ਵਿਚਾਰਾਂ ਅਤੇ ਸਿਧਾਂਤਾਂ ਵਿਚ ਅਸੀਂ ਵੱਧ ਤੋਂ ਵੱਧ ਉੱਦਾਰ ਅਤੇ ਸਹਿਨਸ਼ੀਲ ਹੋਣ ਦਾ ਦਾਅਵਾ ਕੀਤਾ। ਦੂਸਰੇ ਪਾਸੇ ਸਾਡੇ ਸਮਾਜਿਕ ਆਚਾਰ ਅਤਿਅੰਤ ਸੰਕੀਰਨ ਹੁੰਦੇ ਗਏ।"[20] ਕਹਿਣ ਨੂੰ ਤਾਂ ਭਾਰਤੀ ਬਹੁਤ ਧਾਰਮਿਕ ਹਨ ਪਰ ਧਾਰਮਿਕ ਸਾਹਿਤ ਵਿਚ ਕਿਸੇ ਇਨਸਾਨ ਨੂੰ "ਸ਼ੂਦਰ ਜਾਂ ਅਛੂਤ ਬਣਾ ਕੇ ਸਮਾਜਿਕ ਢਾਂਚੇ ਵਿਚ ਅਖਰੀਲੇ ਪਾਏਦਾਨ 'ਤੇ ਕਿਵੇਂ ਖੜਾ ਕੀਤਾ ਜਾ ਸਕਦਾ ਹੈ?"[21] ਭਾਰਤੀਆਂ ਦੇ ਦੂਹਰੇ ਮਾਪਦੰਡਾਂ ਬਾਰੇ ਕਿਹਾ ਜਾ ਸਕਦਾ ਹੈ। ਕਿ "ਸਾਡੇ ਆਚਰਣ ਦੀ ਤੁਲਨਾ ਵਿਚ ਸਾਡੇ ਵਿਚਾਰ ਅਤੇ ਭਾਵ ਇਤਨੇ ਉੱਚੇ ਹਨ ਕਿ ਉਹਨਾਂ ਨੂੰ ਵੇਖ ਕੇ ਹੈਰਾਨੀ ਹੁੰਦੀ ਹੈ। ਗੱਲਾਂ ਤਾਂ ਅਸੀਂ ਸ਼ਾਂਤੀ ਅਤੇ ਅਹਿੰਸਾ ਦੀਆਂ ਕਰਦੇ ਹਾਂ, ਪਰੰਤੂ ਸਾਡੇ ਕੰਮ ਕੁਝ ਹੋਰ ਹਨ। ਸਿਧਾਂਤ ਤਾਂ ਅਸੀਂ ਸਹਿਨਸ਼ੀਲਤਾ ਦਾ ਪ੍ਰਚਾਰਦੇ ਹਾਂ, ਪਰੰਤੂ ਭਾਵ ਸਾਡਾ ਇਹ ਹੁੰਦਾ ਹੈ ਕਿ ਸਭ ਲੋਕ ਉਵੇਂ ਹੀ ਸੋਚਣ ਜਿਵੇਂ ਅਸੀਂ ਸੋਚਦੇ ਹਾਂ ਅਤੇ ਜਦ ਵੀ ਕੋਈ ਸਾਡੇ ਤੋਂ ਵੱਖਰੇ ਢੰਗ ਨਾਲ ਸੋਚਦਾ ਹੈ ਤਦ ਅਸੀਂ ਉਸਨੂੰ ਬਰਦਾਸ਼ਤ ਨਹੀਂ ਕਰ ਸਦਕੇ।"[22]

ਦਲਿਤ ਜਾਂ ਸ਼ੂਦਰ ਸੰਕਲਪ ਨੂੰ ਉਸਦੇ ਇਤਿਹਾਸਕ ਪਰਿਪੇਖ ਵਿਚ ਰੱਖ ਕੇ ਵੇਖਿਆ ਜਾ ਸਕਦਾ ਹੈ। ਵੈਦਿਕ ਕਾਲ ਵਿਚ ਸ਼ੂਦਰ ਸ਼ਬਦ ਦੀ ਪਹਿਲੀ ਵਾਰ ਵਰਤੋਂ ਰਿਗਵੇਦ ਵਿਚ ਹੋਈ ਮਿਲਦੀ ਹੈ। ਰਿਗਵੇਦ ਅਨੁਸਾਰ ਦੁਨੀਆ ਵਿਚ ਜੋ ਕੁਝ ਵੀ ਹੈ ਉਹ ਸਭ ਯੱਗ ਦੀ ਉਤਪੱਤੀ ਹੈ। "ਪ੍ਰਾਣੀਆਂ ਦਾ ਸੁਆਮੀ ਦੇਵਤਾ 'ਪ੍ਰਜਾਪਤੀ' ਸੀ... ਪ੍ਰਜਾਪਤੀ ਨੂੰ ਆਦਿ-ਪੁਰਸ਼ ਮੰਨਿਆ ਜਾਂਦਾ ਹੈ।"[23] ਮੰਨਿਆ ਜਾਂਦਾ ਹੈ ਕਿ ਮਨੁੱਖ ਦੀ ਉਤਪਤੀ ਦੇ ਲਈ ਮਨੁੱਖ (ਪ੍ਰਜਾਪਤੀ) ਦੀ ਬਲੀ ਦੇਵਤਿਆਂ ਨੇ ਦਿੱਤੀ। ਇਹ ਦੇਵਤੇ ਵੀ ਉਸੇ ਪ੍ਰਜਾਪਤੀ ਦੀ ਸੰਤਾਨ ਸਨ। ਯੱਗ ਵਿਚ ਦਿੱਤੀ ਗਈ ਉਸੇ ਸਵਰਗੀ ਬਲੀ ਤੋਂ ਹੀ ਸ਼੍ਰਿਸਟੀ ਦਾ ਜਨਮ ਹੋਇਆ। ਉਸ ਯੱਗ ਦਾ ਸਾਰੰਸ਼[24] ਇੰਵ ਹੈ: -

ਯਤ ਪੁਰੁਸ਼ੰ ਵਿਅਦਧ :
ਕਤਿਧਾ ਵਿਅਕਲਪਯਨ।
ਮੁਖੰ ਕਿਮਸਯ ਕੌ ਬਾਹੂ :

---

19 ਜਵਾਹਰ ਲਾਲ ਨਹਿਰੂ, "ਪ੍ਰਸਤਾਵਨਾ", ਸਭਿਆਚਾਰ ਦੇ ਚਾਰ ਅਧਿਆਇ, ਰਾਮਧਾਰੀ ਸਿੰਘ ਦਿਨਕਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ (1992), ਪੰਨਾ XI

20 ਉਹੀ

21 ਮਮਤਾ ਮਹਿਮੀ, ਪ੍ਰੈਫਰੈਂਸ਼ੀਅਲ ਟ੍ਰੀਟਮੈਂਟ ਆਫ਼ ਸਡੂਲਡ ਕਾਸਟ ਵੂਮੈਨ ਇਨ ਪਬਲਿਕ ਇੰਪਲਾਈਮੈਂਟ : ਜੁਡੀਸ਼ੀਅਲ ਐਕਟੀਵਿਜ਼ਮ, ਪੋਸਟ ਡੋਕਟੋਰਲ ਪ੍ਰੋਜੈਕਟ, ਅਣ ਪ੍ਰਕਾਸ਼ਿਤ

22 ਜਵਾਹਰ ਲਾਲ ਨਹਿਰੂ, ਉਹੀ ਪੰਨਾ-XIII

23 ਸਿਧਾਰਥ ਕੁਮਾਰ, ਯੱਗ ਦੀ ਲੋਕਧਾਰਾ', ਪੰਜਾਬੀ ਦਨੀਆ, ਭਾਸ਼ਾ ਵਿਭਾਗ, (2010) ਪੰਨਾ 21.

24 A.L. Basham, the wonder that was India, Picador Publisher (2004) pg No 242-43.

ਕਾ ਉਰੂ ਪਾਦਾ ਉਚਯੈ ਤੇ॥

(ਜਦੋਂ ਉਨ੍ਹਾਂ (ਦੇਵਤਿਆਂ) ਨੇ ਮਨੁੱਖ ਦੇ ਅੰਗਾਂ ਨੂੰ ਕੱਟਿਆ, ਤਾਂ ਕਿੰਨੇ ਭਾਗਾਂ ਵਿਚ ਵੰਡਿਆ? ਉਸਦਾ ਮੂੰਹ ਕੀ ਸੀ? ਭੁਜਾਵਾਂ ਕੀ ਸਨ? ਉਸਦੀਆਂ ਲੱਤਾਂ ਅਤੇ ਪੈਰ ਕੀ ਕਹਾਏ?)

ਬ੍ਰਹਮਾਣੋਤਸਯਾ ਮੁਖਮਾਸੀ
ਧਾਹੂ ਰਾਜਨਯ : ਕ੍ਰਿਤ:।
ਉਰੂ ਤਦਸਾਯੂ ਯਧੈਸ਼ਯ:

(ਉਸਦੇ ਮੂੰਹ 'ਚੋਂ ਬ੍ਰਾਹਮਣ, ਉਸਦੀਆਂ ਭੁਜਾਵਾਂ 'ਚੋਂ ਖੱਤਰੀ ਬਣੇ। ਉਸਦੀਆਂ ਲੱਤਾਂ 'ਚੋਂ ਵੈਸ਼ਯ ਅਤੇ ਚਰਣਾਂ 'ਚੋਂ ਸ਼ੂਦਰ ਬਣੇ)।

ਇਹਨਾਂ ਸ਼ਲੋਕਾਂ ਤੋਂ ਸਾਬਿਤ ਹੁੰਦਾ ਹੈ ਕਿ ਬ੍ਰਾਹਮਣਾਂ ਨੇ ਵੇਦਾਂ ਨੂੰ ਪੜਣ ਤੇ ਪੜਾਉਣ ਦਾ ਕੰਮ ਸਾਂਭ ਲਿਆ, ਖੱਤਰੀਆਂ ਨੇ ਰਾਜਨੀਤੀ ਅਤੇ ਸੈਨਿਕ ਗਤੀਵਿਧੀਆਂ ਉਪਰ ਅਧਿਕਾਰ ਕਰ ਲਿਆ, ਵੈਸ਼ਯਾਂ ਨੇ ਵਣਜ-ਵਪਾਰ ਸੰਭਾਲ ਲਿਆ ਤੇ ਵਪਾਰੀ ਬਣ ਗਏ ਅਤੇ ਸ਼ੂਦਰ ਸਭ ਤੋਂ ਨੀਵੇਂ ਪਾਏਦਾਨ 'ਤੇ ਜਾ ਕੇ ਗੁਲਾਮ ਅਤੇ ਅਛੂਤ ਬਣ ਗਏ।[25]

ਇਸਦਾ ਨਤੀਜਾ ਇਹ ਹੋਇਆ ਕਿ ਵੇਦਾਂ ਨੂੰ ਪੜਨ-ਪੜਾਉਣ ਦਾ ਕੰਮ ਸਮਾਜ ਦੀ ਉੱਚ ਜਾਤ ਦੇ ਹੱਥਾਂ ਵਿਚ ਆ ਗਿਆ ਜਿਸ ਨਾਲ ਉਸਨੇ ਰਾਜਨੀਤੀ ਅਤੇ ਅਰਥ ਨੂੰ ਆਪਣੀ ਪ੍ਰਭਸੱਤਾ ਬਣਾਈ ਰੱਖਣ ਲਈ ਵਰਤਿਆ। "ਦਲਿਤਾਂ ਨੂੰ ਉਹਨਾਂ ਦੇ ਗੂੜੇ ਰੰਗ ਅਤੇ ਨੀਵੇਂ

ਸਮਾਜਕ ਦਰਜੇ ਕਰਕੇ ਘ੍ਰਿਣਾ ਦਾ ਪਾਤਰ ਬਣਨਾ ਪਿਆ।"[26] ਉਹਨਾਂ ਦਾ ਕੰਮ ਉਪਰਲੀਆਂ ਤਿੰਨਾਂ ਜਾਤਾਂ ਦੀ ਸੇਵਾ ਕਰਨੀ ਅਤੇ ਆਰਿਆ ਦੀ ਕਿਸੇ ਵੀ ਧਾਰਮਿਕ ਰੀਤੀ ਦਾ ਹਿੱਸਾ ਨਾ ਬਣਨਾ ਸੀ। ਉਹਨਾਂ ਨੂੰ ਵੇਦ ਪੜਣ ਦੀ ਆਗਿਆ ਨਹੀਂ ਸੀ। "ਜੇਕਰ ਸ਼ੂਦਰ ਜਾਣ-ਬੁੱਝ ਕੇ ਵੇਦ ਮੰਤਰ ਸੁਣ ਲਵੇ ਤਾਂ ਉਸਦੇ ਕੰਨਾਂ ਵਿਚ ਪਿਘਲਿਆ ਸਿੱਕਾ ਪਾ ਦੇਣਾ ਚਾਹੀਦਾ ਹੈ। ਜੇਕਰ ਸ਼ੁਦਰ ਵੇਦ ਮੰਤਰ ਉਚਾਰਨ ਦੀ ਹਿੰਮਤ ਕਰੇ ਤਾਂ ਉਸਦੀ ਜੁਬਾਨ ਕੱਟ ਦੇਣੀ ਚਾਹੀਦੀ ਹੈ ਤੇ ਜੇਕਰ ਸ਼ੁਦਰ ਵੇਦ ਮੰਤਰ ਯਾਦ ਕਰ ਲਵੇ ਤਾਂ ਉਸਦੇ ਸਰੀਰ ਦੇ ਦੋ ਟੁਕੜੇ ਕਰ ਦੇਣੇ ਚਾਹੀਦੇ ਹਨ।"[27]

[25] ਏ.ਐਲ.ਬਾਸ਼ਮ, ਅਦਬੁਦ ਭਾਰਤ (ਹਿੰਦੀ ਸੰਸਕਰਨ) ਸ਼ਿਵਲਾਲ ਅਗਰਵਾਲ ਐਂਡ ਕੰਪਨੀ, ਆਗਰਾ (2004) ਪੰਨਾ 171.

[26] Moses Seenarine; Dalit women : Victioms or Beneficiary of affirmative Action Policies in India –A case study paper presented at Brown Beg Lecture held by Southern Asia Intuited, columibia University, April 10, 1996)

[27] H. Kothari (ed); Caste System, untouchability and the Depressed, Mano har publisher New Delhi, (1997) Pg. 5.

ਮਹਾਂ ਕਾਵਿ ਯੁੱਗ ਵਿਚ ਰਾਮਾਇਣ ਵਿਚਲੀ ਘਟਨਾ ਅਨੁਸਾਰ ਰਾਜੇ ਰਾਮ ਨੇ ਇਕ ਸ਼ੂਦਰ ਨੂੰ ਉਸਦੇ ਤਪਸਿਆ ਕਰਨ ਦੇ ਦੋਸ਼ ਵਿਚ ਮੌਤ ਦੇ ਘਾਟ ਉਤਾਰ ਦਿੱਤਾ ਸੀ। "ਇਕ ਬ੍ਰਾਹਮਣ ਦਾ ਬਾਲਕ (ਬੱਚਾ) ਬਾਲ ਅਵਸਥਾ ਵਿਚ ਮਰ ਜਾਂਦਾ ਹੈ। ਬ੍ਰਾਹਮਣ ਇਸ ਦੁੱਖ ਨੂੰ ਬਰਦਾਸ਼ਤ ਨਹੀਂ ਕਰ ਪਾਉਂਦਾ ਅਤੇ ਰਾਜੇ ਰਾਮ ਦੇ ਦਰਬਾਰ ਵਿਚ ਜਾ ਰਾਮ ਨੂੰ ਗੱਸੇ ਵਿਚ ਆਖਦਾ ਹੈ ਕਿ ਹੇ ਰਾਜਾ! ਤੇਰੇ ਰਾਜ ਵਿਚ ਅਧਰਮ ਹੋ ਰਿਹਾ ਹੈ ਇਸੇ ਲਈ ਮੇਰੇ ਪੁੱਤਰ ਦੀ ਮੌਤ ਹੋ ਗਈ ਹੈ। ਤੂੰ ਹੀ ਮੇਰੇ ਪੁੱਤਰ ਦੀ ਮੌਤ ਦਾ ਜਿੰਮੇਵਾਰ ਹੈ। ਰਾਮ ਦੇ ਪੁੱਛਣ ਤੇ ਬ੍ਰਾਹਮਣ ਦਸਦਾ ਹੈ ਕਿ ਇਕ ਸ਼ੁਦਰ ਵਿਨਧਿਆਚਲ ਪਰਬਤ 'ਤੇ ਤਪੱਸਿਆ ਕਰ ਰਿਹਾ ਹੈ। ਤਪੱਸਿਆ ਕਰਨਾ ਸ਼ੂਦਰ ਦਾ ਧਰਮ ਨਹੀਂ ਹੈ। ਉਸ ਸ਼ੂਦਰ ਦਾ ਨਾਮ 'ਸ਼ੰਬੂਕ' ਹੈ।[28] ਉਹ ਤਪੱਸਿਆ ਕਰ ਕੇ ਇਕ ਰਿਸ਼ੀ ਦਾ ਜੀਵਨ ਜਿਉ ਰਿਹਾ ਹੈ ਜੋ ਕਿ ਅਧਰਮ ਹੈ। ਇਸੇ ਲਈ ਮੇਰਾ ਪੁੱਤਰ ਮਰ ਗਿਆ। ਕਿਉਂਕਿ ਸ਼ੰਬੂਕ ਨੇ ਵਰਨ-ਵਿਵਸਥਾ ਨੂੰ ਸੱਟ ਮਾਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਲਈ ਉਸਦਾ ਵੱਦ ਕਰਨਾ ਰਾਜੇ ਦਾ ਧਰਮ ਹੈ। ਇਸ ਤੇ ਰਾਮ ਵਿਨਧਿਆਲ ਪਰਬਤ ਤੇ ਜਾ ਕੇ ਸ਼ੰਬੂਕ ਨੂੰ ਮੌਤ ਦੇ ਘਾਟ ਉਤਾਰ ਦੇਂਦਾ ਹੈ। "ਬ੍ਰਾਹਮਣ ਨੂੰ ਸਮਾਜ ਵਿਚ ਸਭ ਤੋਂ ਉੱਚਾ ਦਰਜਾ ਪ੍ਰਾਪਤ ਸੀ ਤੇ ਉਸਦੀ ਰੱਖਿਆ ਕਰਨਾ ਰਾਜੇ ਦਾ ਧਰਮ ਹੈ।"[29]

ਮਹਾਂਭਾਰਤ ਵਿਚਲੀ ਇਕ ਘਟਨਾ ਦਸਦੀ ਹੈ ਕਿ ਸ਼ੂਦਰਾਂ ਨੂੰ ਵਿਦਿਆ ਹਾਸਲ ਕਰਨਾ ਜਾਂ ਲੜਨ ਦੀ ਸਿਖਿਆ ਲੈਣਾ ਪੂਰਨ ਰੂਪ ਵਿਚ ਮਨ੍ਹਾਂ ਸੀ। "ਏਕਲਵਯ' ਨਾਂ ਦਾ ਇਕ ਭੀਲ ਜਾਤੀ ਦਾ ਬਾਲਕ ਜਦੋਂ ਤੀਰ-ਅੰਦਾਜ਼ੀ ਦੀ ਵਿਦਿਆ ਲੈਣ ਦਰੋਣਾਚਾਰੀਆ ਕੋਲ ਜਾਂਦਾ ਹੈ ਤਾਂ ਦਰੋਣਾਚਾਰੀਆ ਉਸਦੀ ਨੀਵੀਂ ਜਾਤ ਦਾ ਹਵਾਲਾ ਦੇ ਕੇ ਕਰਕੇ ਉਸਨੂੰ ਵਿੱਦਿਆ ਦੇਣ ਤੋਂ ਮਨ੍ਹਾਂ ਕਰ ਦੇਂਦਾ ਹੈ। ਫਿਰ ਏਕਲਵਯ ਜਦੋਂ ਜੰਗਲ ਵਿਚ ਦਰੋਣਾਚਾਰੀਆ ਦੀ ਮੂਰਤੀ ਬਣਾ ਕੇ ਉਸ ਦੇ ਸਾਹਮਣੇ ਤੀਰ-ਅੰਦਾਜ਼ੀ ਦੀ ਸਿੱਖਿਆ ਖੁਦ ਤਿਆਰੀ ਨਾਲ ਕਰਕੇ ਅਰਜੁਨ (ਖੱਤਰੀ) ਤੋਂ ਮਾਹਿਰ ਬਣ ਜਾਂਦਾ ਹੈ ਤਾਂ ਦਰੋਣਾਚਾਰੀਆ ਚਲਾਕੀ ਨਾਲ ਏਕਲਵਯ ਦਾ ਸੱਜੇ ਹੱਥ ਦਾ ਅੰਗੂਠਾ ਗੁਰੂ-ਦੱਖਣਾ ਵਿਚ ਮੰਗ ਲੈਂਦਾ ਹੈ। ਇਹ ਗੁਰੂ ਦਕਸ਼ਿਣਾ ਅਸਲ ਵਿਚ ਏਕਲਵਯ ਨੂੰ ਨਕਾਰਾ ਅਤੇ ਅਯੋਗ ਬਣਾਉਣ ਲਈ ਮੰਗੀ ਗਈ ਸੀ।"[30]

CGCTA

[28] Mamta Mehmi, constitutional equality for scheduled castes in India, Unistar books publication Pvt. Ltd. Chandigarh (2018) 16-17.
[29] G.S. Ghurye, caste and Race in India, Sage publication India Pvt. Ltd, Delhi (2016) Pg 8.
[30] Mamta Mehmi, constitutional equality for scheduled castes in India, Unistar books publication Pvt. Ltd. Chandigarh (2018) 16-17.

ਦਰਅਸਲ ਅਜਿਹੀਆਂ ਮਿਥਾਂ ਦੀ ਸਿਰਜਨਾ ਕਰਕੇ ਪੂਰਵ ਨਿਰਧਾਰਿਤ ਮਨਸਿਆਂ ਨੂੰ ਸਾਹਿਤ ਵਿਚ, ਧਰਮ ਦੀ ਚਾਦਰ ਓੜਾ ਕੇ, ਕਲਪਨਾ ਨੂੰ ਸੱਚ ਬਣਾ ਕੇ ਪ੍ਰਸਤੁਤ ਕੀਤਾ ਜਾਂਦਾ ਰਿਹਾ ਹੈ। ਤਾਂ ਜੋ, ਸਥਾਪਤ ਸਮਾਜਕ ਢਾਂਚੇ ਨੂੰ ਧਾਰਮਿਕ ਸਾਹਿਤ ਸਿਰਜ ਕੇ ਪਰਿਪੱਕ ਕੀਤਾ ਜਾ ਸਕੇ। ਉੱਪਰਲੀਆਂ ਪਰੰਪਰਾਗਤ ਜਾਤਾਂ ਅਤੇ ਉਹਨਾਂ ਦੀ ਆਉਣ ਵਾਲੀਆਂ ਪੁਸ਼ਤਾਂ; ਨੀਵੀਆਂ ਜਾਤਾਂ (ਸ਼ੂਦਰਾਂ) ਨੂੰ ਅਤੇ ਉਹਨਾਂ ਦੀਆਂ ਆਉਣ ਵਾਲੀਆਂ ਪੁਸ਼ਤਾਂ ਨੂੰ ਕਾਬੂ ਵਿਚ ਰੱਖਣ ਲਈ ਅਜਿਹੀਆਂ ਧਾਰਮਿਕ ਚਾਲਾਂ ਚਲਦੀਆਂ ਮਹਿਸੂਸ ਹੁੰਦੀਆਂ ਹਨ। ਅਜਿਹੀਆਂ ਚਾਲਾਂ ਨੇ ਲੋਕ ਮਾਨਸਿਕਤਾ ਦੀ ਸੋਚਣ ਸ਼ਕਤੀ ਨੂੰ ਸੰਕੀਰਨ ਬਣਾਉਣ ਵਿਚ ਪੂਰਾ ਯੋਗਦਾਨ ਪਾਇਆ ਤਾਂ ਜੋ, ਅਜਿਹਾ ਪ੍ਰਚਾਰ ਕੀਤਾ ਜਾਵੇ ਜਿਸ ਨਾਲ ਭਾਰਤ ਦੇ ਮੂਲ ਨਿਵਾਸੀਆਂ ਨੂੰ ਘਟੀਆ, ਨੀਚ, ਅਛੂਤ ਅਤੇ ਸ਼ੂਦਰ ਸਾਬਿਤ ਕਰ ਕੇ ਉਹਨਾਂ ਨੂੰ ਸਾਰੇ ਸਮਾਜਿਕ ਅਤੇ ਆਰਥਿਕ ਸੋਮਿਆਂ ਤੋਂ ਦੂਰ ਰੱਖਿਆ ਜਾ ਸਕੇ। Objective truth ਨੂੰ ਚਲਾਕੀ ਨਾਲ Actual Truth ਬਣਾ ਕੇ ਪ੍ਰਸਤੁਤ ਕਰਨਾ ਹੀ ਭਾਰਤੀ ਸੰਸਕ੍ਰਿਤ ਸਾਹਿਤ ਦਾ ਉਦੇਸ਼ ਰਿਹਾ ਹੈ।

"ਜਾਤੀਆਂ ਦਾ ਜਿਹੜਾ ਰੂਪ ਅਸੀਂ ਅੱਜ ਵੇਖਦੇ ਹਾਂ, ਉਹ ਸ਼ੁਰੂ ਵਿਚ ਨਹੀਂ ਸੀ। ਫਿਰ ਵੀ ਅੱਜ ਅਸੀਂ ਜੋ ਕੁਝ ਵੇਖਦੇ ਹਾਂ ਉਸ ਤੋਂ ਇਹ ਅੰਦਾਜ਼ਾ ਲਗਾਉਣਾ ਔਖਾ ਨਹੀਂ ਕਿ ਜਾਤੀਆਂ ਸਿਰਫ਼ ਪੇਸ਼ਿਆਂ ਜਾਂ ਧੰਦਿਆਂ ਤੋਂ ਹੀ ਨਹੀਂ ਸਨ ਬਣੀਆਂ, ਉਹਨਾਂ ਅੰਦਰ ਸਭਿਅਤਾ ਤੇ ਸਭਿਆਚਾਰ ਵੀ ਅਨੇਕ ਸਤੱਰ ਲੁਕੇ ਹੋਏ ਹਨ। ਉੱਚੀ ਜਾਤੀ ਦਾ ਸਭਿਆਚਾਰ ਉੱਚਾ ਅਤੇ ਨੀਵੀਂ ਜਾਤੀ ਦਾ ਸਭਿਆਚਾਰ ਨੀਵਾਂ ਹੁੰਦਾ ਸੀ।"[31]

ਭਾਸ਼ਾ ਅਤੇ ਵਿਚਾਰਧਾਰਾ ਵਿਚ ਬੜੀ ਸਾਂਝ ਹੁੰਦੀ ਹੈ। ਵਿਚਾਰਧਾਰਾ ਨੂੰ ਫੈਲਾਉਣ ਲਈ ਭਾਸ਼ਾ ਨੂੰ ਮਾਧਿਅਮ ਬਣਾ ਕੇ ਅਜਿਹਾ ਸਾਹਿਤ ਸਿਰਜਿਆ ਜਾਂਦਾ ਹੈ ਤਾਂ ਜੋ ਮਨ ਇੱਛਤ ਤੇ ਪੂਰਵ-ਨਿਰਧਾਰਿਤ ਫਲ ਪ੍ਰਾਪਤ ਕੀਤੇ ਜਾ ਸਕਣ। ਇਸੇ ਲਈ ਮਨੂ ਸਮ੍ਰਿਤੀ ਵਿਚ ਵੀ ਸ਼ੂਦਰਾਂ ਨੂੰ ਲੈ ਕੇ ਬਹੁਤ ਸਾਰੇ ਸ਼ਲੋਕ ਲਿਖੇ ਗਏ, ਜਿੰਨ੍ਹਾਂ ਦਾ ਪੂਰਵ-ਨਿਸ਼ਚੈ ਸ਼ੂਦਰਾਂ ਨੂੰ ਨਾ-ਬਰਾਬਰੀ ਦਾ ਅਹਿਸਾਸ ਕਰਵਾਈ ਰਖਣਾ ਅਤੇ ਉਹਨਾਂ ਨੂੰ ਕਾਬੂ ਵਿੱਚ ਰੱਖਣਾ ਹੀ ਸੀ। ਪੁਰਾਤਨ ਲਿਖਿਤ ਹਿੰਦੂ ਕਾਨੂੰਨ (ਮਨੂ ਸੰਮ੍ਰਿਤੀ) ਵਿਚ ਅਜਿਹੇ ਬਹੁਤ ਸਾਰੇ ਨਿਯਮ ਦਰਜ ਹਨ ਜਿਨ੍ਹਾਂ ਰਾਹੀਂ ਸ਼ੂਦਰਾਂ ਨੂੰ ਕਾਬੂ ਵਿਚ ਰੱਖਣ ਅਤੇ ਉਪਰਲੀਆਂ ਜਾਤਾਂ ਦੀ ਪ੍ਰਭੂ ਸੱਤਾ ਕਾਇਮ, ਰੱਖੀ ਜਾ ਸਕਦੀ ਹੈ। ਇਹਨਾਂ ਨਿਯਮਾਂ ਨਾਲ ਸੰਬੰਧਿਤ ਕੁਝ ਸ਼ਲੋਕ ਇਸ ਪ੍ਰਕਾਰ ਹਨ:

ਅਧਿਆਇ ਦੂਸਰਾ, ਸ਼ਲੋਕ 31, 32.

[31] ਰਾਮਧਾਰੀ ਸਿੰਘ ਦਿਨਕਰ, ਸਭਿਆਚਾਰ ਦੇ ਚਾਰ ਅਧਿਆਇ, ਪੰਜਾਬੀ ਯੂਨੀਵਰਸਿਟੀ ਪਟਿਆਲਾ, (1992), ਪੰਨਾ 65.

CGCTA

"ਬ੍ਰਾਹਮਣ ਦੇ ਨਾਮ ਨਾਲ ਮੰਗਲਵਾਚਕ ਹੋਣਾ ਚਾਹੀਦਾ ਹੈ, ਖੱਤਰੀ ਦਾ ਨਾਮ ਬਲਵਾਚਕ, ਵੈਸ਼ ਦਾ ਧਨਯੁਕਤ ਅਤੇ ਸ਼ੁਦਰ ਦਾ ਦਾਸਵਾਚਕ ਹੋਣਾ ਚਾਹੀਦਾ ਹੈ। ਬ੍ਰਾਹਮਣ ਦੇ ਨਾਮ ਪਿੱਛੇ ਸ਼ਰਮਾ, ਖੱਤਰੀਆਂ ਦੇ ਵਰਮਾ, ਵੈਸ਼ ਦੇ ਭੂਤੀ ਅਤੇ ਸ਼ੂਦਰਾਂ ਦੇ ਨਾਮ ਪਿੱਛੇ ਦਾਸ ਲਗਾਉਣਾ ਚਾਹੀਦਾ ਹੈ।"[32]

ਅਧਿਆਇ ਦੂਸਰਾ ਸ਼ਲੋਕ 155

"ਬ੍ਰਾਹਮਣ ਦੀ ਵਡਿਆਈ ਗਿਆਨ ਅਰਜਿਤ ਕਰਕੇ ਮਿਲਦੀ ਹੈ,

ਖਤਰੀ ਨੂੰ ਆਪਣੇ ਪ੍ਰਾਕਰਮ ਕਰਕੇ,

ਵੈਸ਼ ਨੂੰ ਧੰਨ ਦੌਲਤ ਅਰਜਿਤ ਕਰਕੇ ਮਿਲ ਸਕਦੀ ਹੈ ਅਤੇ

ਸ਼ੂਦਰ ਦੀ ਉਮਰ ਵੱਡੀ ਹੋਣ ਤੇ ਮਿਲਦੀ ਹੈ।"[33]

ਸ਼ਲੋਕ 168

"ਜਿਹੜੇ ਦ੍ਵਿੱਜ ਵੇਦ ਨਾ ਪੜ ਕੇ

ਦੂਸਰੇ ਸ਼ਾਸਤਰਾਂ ਉਪਰ ਮਿਹਨਤ ਕਰਦੇ ਹਨ

ਉਹ ਜਿਉਂਦੇ ਜੀ ਸ਼ੂਦਰਤਾ ਪ੍ਰਾਪਤ ਕਰਦੇ ਹਨ

ਉਸਦੇ ਆਉਣ ਵਾਲੀਆਂ ਪੀੜੀਆਂ ਵੀ।"[34]

ਅਧਿਆਇ ਤੀਸਰਾ, ਸ਼ਲੋਕ 12-18

"ਬ੍ਰਾਹਮਣ, ਖੱਤਰੀ ਅਤੇ ਵੈਸ਼ ਨੂੰ ਆਪਣੇ ਵਰਨ ਦੀ ਕੰਨਿਆ ਨਾਲ ਵਿਆਹ ਕਰਨਾ ਸ਼੍ਰੇਸ਼ਠ ਹੈ। ਪਰ ਕਾਮ ਵਸ ਹੋ ਕੇ ਜੋ ਵਿਆਹ ਹੁੰਦਾ ਹੈ ਉਹ ਅਧਰਮ ਹੈ। ਸ਼ੂਦਰ ਪੁਰਸ਼ ਸ਼ੂਦਰ ਕੰਨਿਆ ਦੇ ਨਾਲ ਹੀ ਵਿਆਹ ਕਰ ਸਕਦਾ ਹੈ। ਵੈਸ਼-ਸ਼ੂਦਰ ਕੰਨਿਆ ਨਾਲ, ਖੱਤਰੀ, ਵੈਸ਼ ਤੇ ਸ਼ੂਦਰ ਨਾਲ ਅਤੇ ਬ੍ਰਾਹਮਣ-ਖੱਤਰੀ, ਵੈਸ਼ ਜੇਕਰ ਸ਼ੂਦਰ ਨਾਲ ਜੇਕਰ ਵਿਆਹ ਕਰਵਾਉਂਦੇ ਹਨ ਤਾਂ ਇਹ ਅਧਰਮ ਹੈ। ਬ੍ਰਾਹਮਣ ਅਤੇ ਖੱਤਰੀ ਨੂੰ ਜੇਕਰ ਅਤਿ ਮੁਸ਼ਕਿਲ ਦੀ ਘੜੀ ਵੀ ਆ ਜਾਵੇ ਤਾਂ ਵੀ ਸ਼ੂਦਰ ਕੰਨਿਆ ਨਾਲ ਵਿਆਹ ਨਹੀਂ ਕਰਵਾਉਣਾ

[32] ਪੰਡਿਤ ਗਿਰਿਜਾ ਪ੍ਰਸਾਦ ਦਿਵੇਦੀ, (ਅਨੁ.) ਮਨੁਸਮ੍ਰਿਤੀ, ਨੇਵਲ ਕਿਸ਼ੋਰ ਵਿਦਿਆਲਿਆ, ਲਖਨਊ (1917) ਪੰਨਾ 169
[33] ਉਹੀ, ਪੰਨਾ 190.
[34] ਉਹੀ, ਪੰਨਾ 192

CGCTA

ਚਾਹੀਦਾ। ਦ੍ਵਿਜਾਤੀ ਮੋਹ ਵਸ ਜੇਕਰ ਹੀਣ ਜਾਤੀ ਦੀ ਕੰਨਿਆ ਨਾਲ ਵਿਆਹ ਕਰਦਾ ਹੈ ਤਾਂ ਉਹ ਆਪਣੇ ਕੁੱਲ ਅਤੇ ਪਰਿਵਾਰ ਨੂੰ ਵੀ ਸ਼ੂਦਰ ਕਰ ਦੇਂਦਾ ਹੈ।"[35]

"ਸ਼ੂਦਰ ਕੰਨਿਆ ਦੇ ਨਾਲ ਵਿਆਹ ਕਰਨ ਵਾਲਾ ਬ੍ਰਾਹਮਣ ਪਤਿਤ ਹੋ ਜਾਂਦਾ ਹੈ। ਇਹ ਅਤ੍ਰੀ ਤੇ ਉਤਥਯ ਦੇ ਪੁਤਰ ਗੋਤਮ ਦਾ ਮਤ ਹੈ। ਸ਼ੌਨਕ ਰਿਸ਼ੀ ਅਨੁਸਾਰ ਖਤਰੀ-ਸ਼ੂਦਰ ਕੰਨਿਆ ਤੋਂ ਸੰਤਾਨ ਪੈਦਾ ਕਰ ਕੇ ਪਤਿਤ ਹੋ ਜਾਂਦਾ ਹੈ। ਭ੍ਰਿਗੂ ਰਿਸ਼ੀ ਅਨੁਸਾਰ ਸ਼ੂਦਰ ਕੰਨਿਆ ਨਾਲ ਵਿਆਹ ਕਰਨ ਵਾਲਾ ਵੈਸ਼ ਪਤਿਤ ਹੋ ਜਾਂਦਾ ਹੈ। ਬ੍ਰਾਹਮਣ, ਸ਼ੂਦਰ ਇਸਤਰੀ ਨਾਲ ਸੰਭੋਗ ਕਰਕੇ ਪਤਿਤ ਹੋ ਜਾਂਦਾ ਹੈ ਉਸਦਾ ਬ੍ਰਾਹਮਣਤੱਵ ਹੀਣ ਹੋ ਜਾਂਦਾ ਹੈ। ਸ਼ੂਦਰ ਇਸਤਰੀ ਦੀ ਮੌਜੂਦਗੀ ਵਿਚ ਦੇਵਤੇ ਪਿੱਤਰ ਸ਼੍ਰਾਦ ਦਾ ਭੋਜਨ ਗ੍ਰਹਿਣ ਨਹੀਂ ਕਰਦੇ ਅਤੇ ਪੁਰਸ਼ ਸਵਰਗ ਪ੍ਰਾਪਤੀ ਨਹੀਂ ਕਰ ਸਕਦਾ।"[36]

ਅਧਿਆਇ ਤੀਸਰਾ, ਸ਼ਲੋਕ 19

"ਸ਼ੂਦਰ ਦੇ ਬੁੱਲ੍ਹ ਚੁੰਮਣ ਨਾਲ ਅਤੇ ਉਸਦੇ ਸਾਹ ਸੁੰਘਣ ਨਾਲ ਪੁਰਸ਼ ਅਤੇ ਉਸਦੀ ਪੈਦਾ ਹੋਈ ਜਾਂ ਹੋਣ ਵਾਲੀ ਸੰਤਾਨ ਵੀ ਪਾਪ ਮੁਕਤ ਨਹੀਂ ਹੋ ਸਕਦੀ।"[37]

ਸ਼ਲੋਕ 112-113

"ਗ੍ਰਹਿਸਥ ਬ੍ਰਾਹਮਣ ਦੇ ਘਰ ਸ਼ੂਦਰ ਜੇਕਰ ਮਹਿਮਾਨ ਦੇ ਰੂਪ ਵਿਚ ਆ ਜਾਵੇ ਤਾਂ ਉਸਨੂੰ ਨੌਕਰਾਂ ਦੇ ਨਾਲ ਭੋਜਨ ਕਰਵਾ ਦੇਣਾ ਚਾਹੀਦਾ ਹੈ।"[38]

CGCTA

ਅਧਿਆਇ ਚੌਥਾ, ਸ਼ਲੋਕ 79

"ਪਤਿਤ, ਚੰਡਾਲ, ਮੂਰਖ ਹੰਕਾਰੀ, ਚਮਾਰ ਆਦਿ ਹੀਣ ਜਾਤਾਂ ਅਤੇ ਨਟ ਆਦਿ ਦੇ ਨਾਲ ਉਠਣਾ-ਬੈਠਣਾ ਕਦੇ ਨਹੀਂ ਕਰਨਾ ਚਾਹੀਦਾ।"[39]

ਸ਼ਲੋਕ 80, 81

[35] ਪੰਡਿਤ ਗਿਰਿਜਾ ਪ੍ਰਸ਼ਾਦ ਦਿਵੇਦੀ, ਉਹੀ, ਪੰਨਾ 208.
[36] ਉਹੀ, ਪੰਨਾ 209.
[37], ਉਹੀ, ਪੰਨਾ 209.
[38] ਉਹੀ, ਪੰਨਾ 224.
[39] ਪੰਡਿਤ ਗਿਰਿਜਾ ਪ੍ਰਸ਼ਾਦ ਦਿਵੇਦੀ , ਪੰਨਾ 267

"ਸ਼ੂਦਰ ਨੂੰ ਵੇਦ ਆਦਿ ਸ਼ਾਸਤਰ ਨਾ ਪੜਾਉਣਾ, ਉਸਨੂੰ ਚੰਗੀ ਸਲਾਹ ਨਾ ਦਿਉ, ਉਸਨੂੰ ਧਾਰਮਿਕ ਜੀਵਨ ਜਿਉਣ ਦਾ ਉਪਦੇਸ਼ ਨਾ ਦੇਵੋ। ਚੰਦ੍ਰਾਯਣ ਆਦਿ ਵਰਤਾਂ ਦਾ ਉਪਦੇਸ਼ ਤੇ ਵੇਦ ਮੰਤਰ ਨਾ ਦਸਣੇ। ਜੋ ਪੁਰਸ਼ ਸ਼ੂਦਰ ਨੂੰ ਧਰਮ ਅਤੇ ਵਰਤ ਆਦਿ ਦਾ ਉਪਦੇਸ਼ ਦੇਵੇਗਾ ਉਹੀ ਵੀ ਸ਼ੂਦਰ ਦੇ ਨਾਲ ਹੀ 'ਅਸਮਵ੍ਰਤ' ਨਾਮੀ ਨਰਕ 'ਚ ਸੜੇਗਾ।"[40]

ਸ਼ਲੋਕ 84

"ਕਸਾਈ, ਤੇਲੀ, ਕਲਵਾਰ ਅਤੇ ਵੈਸ਼ਿਆਵਾਂ ਤੋਂ ਜੀਵਿਕਾ ਕਮਾਉਣ ਵਾਲੇ ਕੋਲੋਂ ਦਾਨ ਨਹੀਂ ਲੈਣਾ ਚਾਹੀਦਾ।"[41]

ਸ਼ਲੋਕ 99

"ਵੇਦਪਾਠ ਸਾਫ਼ ਕਰਨਾ ਚਾਹੀਦਾ ਹੈ। ਸ਼ੂਦਰ ਦੇ ਕੋਲ ਨਹੀਂ ਕਰਨਾ ਚਾਹੀਦਾ ਇਹੀ ਮਨੂ ਜੀ ਦੀ ਆਗਿਆ ਹੈ।"[42]

ਸ਼ਲੋਕ 166

"ਬ੍ਰਾਹਮਣ ਉੱਤੇ ਜੇਕਰ ਕ੍ਰੋਧ ਵਿਚ ਆ ਕੇ, ਤੇ ਜਾਣ-ਬੁਝ ਕੇ ਜੇਕਰ ਤਿਨਕੇ ਨਾਲ ਵੀ ਮਾਰੋ ਤਾਂ ਇੱਕੀ ਜਨਮਾਂ ਤਕ ਪਾਪ ਯੋਣੀ ਵਿਚ ਜਨਮ ਲੈਣਾ ਪਵੇਗਾ, ਉਸ ਸ਼ੂਦਰ ਨੂੰ।"[43]

ਅਧਿਆਇ ਅੱਠ, ਸ਼ਲੋਕ 267-270

"ਬ੍ਰਾਹਮਣ ਨੂੰ ਖਤਰੀ ਗਾਲੀ ਗਲੋਚ ਕਰੇ ਤਾਂ ਸੌ ਪਣ ਦਾ ਜੁਰਮਾਨ, ਵੈਸ਼ ਨੂੰ ਡੇਢ ਸੌ ਜਾਂ ਦੋ ਸੌ ਪਣ ਜੁਰਮਾਨਾ ਕਰੋ। ਸ਼ੂਦਰ ਨੂੰ ਤਾਂ ਸ਼ਰੀਰਕ ਸਜਾ (ਕੁੱਟ ਮਾਰ) ਹੀ ਠੀਕ ਹੈ। ਖਤਰੀ ਨੂੰ ਬ੍ਰਾਹਮਣ ਗਾਲੀ ਗਲੋਚ ਕਰੇ ਤਾਂ ਪੰਜਾਹ ਪਣ ਜੁਰਮਾਨਾ, ਵੈਸ਼ ਨੂੰ ਪੱਚੀ ਤੇ ਸ਼ੂਦਰ ਨੂੰ ਤਾਂ ਬਾਰਾਂ ਪਣ ਦਾ ਜੁਰਮਾਨਾ ਕਰੋ। ... ਜੇਕਰ ਕੋਈ ਸ਼ੂਦਰ ਉਪਰਲੀਆਂ ਜਾਤਾਂ ਨੂੰ ਕਠੋਰ ਸ਼ਬਦਾਂ ਨਾਲ ਅਪਮਾਨਿਤ ਕਰੇ ਤਾਂ ਉਸਦੀ ਜੀਭ ਕੱਟ ਲਵੋ। ਕਿਉਂਕਿ ਸ਼ੂਦਰ ਪੈਰਾਂ ਵਿਚੋਂ ਪੈਦਾ ਹੋਇਆ ਹੈ।"[44]

ਸ਼ਲੋਕ 271

---

40 ਉਹੀ, ਪੰਨਾ 268
41 ਉਹੀ
42 ਉਹੀ, ਪੰਨਾ 271
43 ਉਹੀ, ਪੰਨਾ 283.
44 ਪੰਡਿਤ ਗਿਰਿਜਾ ਪ੍ਰਸ਼ਾਦ ਦਿਵੰਦੀ, ਪੰਨਾ 432

CGCTA

"ਜੇਕਰ ਨਾਮ/ਜਾਤੀ ਬੋਲ ਕੇ ਗੁੱਸੇ ਵਿਚ ਉੱਚ ਜਾਤੀ ਨੂੰ ਗਾਲ ਕੱਢੇ ਤਾਂ ਉਸ ਸ਼ੂਦਰ ਦੇ ਮੂੰਹ ਵਿਚ ਦਸ ਇੰਚ ਲੰਮਾ ਅੱਗ ਵਿਚ ਗਰਮ ਕੀਤਾ ਕਿੱਲ ਪਾ ਦੇਣਾ ਯੋਗ ਹੋਵੇਗਾ।"[45]

ਸ਼ਲੋਕ 277

"ਵੈਸ਼ ਤੇ ਸ਼ੂਦਰ ਜੇਕਰ ਆਪਸ ਵਿਚ ਗਾਲੀ ਗਲੋਚ ਕਰਦੇ ਹਨ ਤਾਂ ਵੈਸ਼ ਨੂੰ ਸਧਾਰਨ ਦੰਡ ਅਤੇ ਸ਼ੂਦਰ ਦੀ ਜੀਭ ਨਾ ਕੱਟ ਕੇ ਕੋਈ ਹੋਰ ਕਠੋਰ ਦੰਡ ਦੇਣਾ ਹੀ ਸਹੀ ਹੈ।"[46]

ਸ਼ਲੋਕ 279-283

"ਸ਼ੂਦਰ, ਉਪਰਲੀਆਂ/ਉੱਚੀਆਂ ਜਾਤਾਂ ਨੂੰ ਆਪਣੇ ਜਿਸ ਅੰਗ ਨਾਲ ਮਾਰੇ ਉਸਦੇ ਉਸੇ ਅੰਗ ਨੂੰ ਕਟਵਾ ਦੇਣਾ ਮਨੂ ਜੀ ਦੀ ਆਗਿਆ ਹੈ। ਸ਼ੂਦਰ ਜੇਕਰ ਹੱਥ ਚੁੱਕੇ ਤਾਂ ਉਸਦੇ ਹੱਥ ਕੱਟ ਦਿਉ, ਗੁੱਸੇ ਵਿਚ ਪੈਰ ਮਾਰੇ ਤਾਂ ਪੈਰ ਕਟਵਾਉਣ ਸਹੀ ਹੈ। ਨੀਚ ਜਾਤਾਂ ਵਾਲੇ ਜੇਕਰ ਉੱਚੀਆਂ ਜਾਤਾਂ ਵਾਲਿਆਂ ਦੇ ਨਾਲ ਵੀ ਬੈਠਣ ਤਾਂ ਉਹਨਾਂ ਦੇ ਚਿੱਤੜ ਕੱਟਵਾ ਕੇ ਦੇਸ਼ ਨਿਕਾਲਾ ਦੇਣਾ ਰਾਜਾ ਦਾ ਧਰਮ ਹੈ। ਹੀਨ ਵਰਨ ਜੇਕਰ ਉਚੇ ਵਰਗ ਦੇ ਉੱਪਰ ਥੁੱਕੇ ਤਾਂ ਦੋਵੇਂ ਬੁੱਲ ਕਟਵਾ ਦਿਉ, ਮੂਤੇ ਤਾਂ ਲਿੰਗ ਕਟਵਾ ਦਿਉ ਜੇਕਰ ਪੱਦ ਮਾਰੇ ਤਾਂ ਗੁੱਦਾ ਕਟਵਾ ਦਿਉ। ਵਾਲ ਫੜੇ, ਪੈਰ ਫੜੇ ਜੇਕਰ ਦਾੜ੍ਹੀ ਆਦਿ ਨੂੰ ਵੀ ਹੱਥ ਲਾਵੇ ਤਾਂ ਉਸਦੇ ਹੱਥ ਕਵਾਉਣਾ ਸਹੀ ਹੋਵੇਗਾ।"[47]

ਸ਼ਲੋਕ 410, 414

"ਰਾਜਾ ਵੈਸ਼ ਤੋਂ ਵਪਾਰ, ਵਿਆਜ ਦਾ ਕੰਮ, ਖੇਤੀ ਤੇ ਪਸ਼ੂ ਰੱਖਿਆ ਕਰਵਾਏ ਅਤੇ ਸ਼ੂਦਰਾ ਕੋਲੋਂ ਸਵਰਨ ਜਾਤੀਆਂ ਦੀ ਸੇਵਾ ਕਰਵਾਏ। ਖਰੀਦੇ ਜਾਂ ਬਿਨਾਂ ਖਰੀਦੇ ਸ਼ੂਦਰ ਕੋਲੋਂ ਸੇਵਾ ਹੀ ਕਰਵਾਉ ਕਿਉਂਕਿ ਬ੍ਰਹਮਾ ਨੇ ਸ਼ੂਦਰਾਂ ਨੂੰ ਦਾਸ ਕਰਮ ਲਈ ਹੀ ਪੈਦਾ ਕੀਤਾ ਹੈ। ਸਵਾਮੀ ਕੋਲੋਂ ਛੁਡਵਾਇਆ ਹੋਇਆ ਸ਼ੂਦਰ ਵੀ ਦਾਸ ਕਰਮ ਨਹੀਂ ਛੱਡ ਸਕਦਾ। ਕਿਉਂਕਿ ਇਹੀ ਉਸਦਾ ਸੁਭਾਵਿਕ ਕਰਮ ਹੈ।"[48]

ਅਧਿਆਇ-10 ਸ਼ਲੋਕ 04

"ਬ੍ਰਾਹਮਣ, ਖੱਤਰੀ ਅਤੇ ਵੈਸ਼ ਇਹ ਤਿੰਨ ਦ੍ਵਿਜਾਤਾਂ ਕਹਾਉਂਦੀਆਂ ਹਨ। ਚੌਥਾ ਸ਼ੂਦਰ ਇਕ ਜਾਤੀ ਕਹਾਉਂਦਾ ਹੈ। ਪੰਜਵਾਂ ਕੋਈ ਵਰਨ ਹੈ ਹੀ ਨਹੀਂ।"[49]

---

[45] ਉਹੀ ਪੰਨਾ 433

[46] ਉਹੀ ਪੰਨਾ 434

[47] ਪੰਡਿਤ ਗਿਰਿਜਾ ਪ੍ਰਸ਼ਾਦ ਦਿਵੰਦੀ, ਪੰਨਾ 434

[48] ਉਹੀ ਪੰਨਾ 456

[49] ਉਹੀ, ਪੰਨਾ 516

CGCTA

ਸ਼ਲੋਕ 51-52

"ਚੰਡਾਲ ਜਾਤਾਂ ਨੂੰ ਪਿੰਡ ਤੋਂ ਬਾਹਰ ਬੁੱਢੇ ਦਰਖਤ ਹੇਠਾਂ, ਸ਼ਮਸ਼ਾਨ 'ਚ, ਪਰਬਤਾਂ ਉਪਰ ਤੇ ਦੂਰ ਜੰਗਲਾਂ ਵਿਚ ਆਪਣਾ ਜੀਵਨ ਬਿਤਾਉਣਾ ਚਾਹੀਦਾ ਹੈ। ਮੁਰਦਿਆਂ ਦੇ ਕਪੜੇ ਇਹਨਾਂ ਨੂੰ ਪਾਉਣ ਨੂੰ ਦਿਉ, ਟੁੱਟੇ ਭਾਂਡਿਆਂ ਵਿਚ ਇਹ ਖਾਣ, ਖਾਸ ਕਰ ਜੰਗਾਲੇ ਲੋਹੇ ਦੇ ਗਹਿਣੇ ਪਾਉਣ, ਤੇ ਦੂਰ ਪਿੰਡ ਤੋਂ ਬਾਹਰ ਰਹਿਣ। ਕੁੱਤਾ ਤੇ ਖੋਤਾ ਹੀ ਇਹਨਾਂ ਦੀ ਸਾਰੀ ਦੌਲਤ ਹੋਵੇ।"[50]

ਮਨੂ ਦੇ ਪੁਰਾਤਨ ਕਾਨੂੰਨਾਂ ਮੁਤਾਬਕ ਸ਼ੂਦਰ ਨੂੰ ਵਿੱਦਿਆ ਗ੍ਰਹਿਣ ਕਰਨ, ਜਮੀਨ ਜਾਇਦਾਦ ਬਣਾਉਣ, ਧਾਰਮਿਕ ਰੀਤੀਆਂ ਵਿਚ ਹਿੱਸਾ ਲੈਣ ਅਤੇ ਰਾਜਨੀਤਿਕ ਗਤੀਵਿਧੀਆਂ ਵਿਚ ਭਾਗ ਲੈਣ ਦਾ ਵੀ ਕੋਈ ਹੱਕ ਨਹੀਂ ਸੀ। ਉਹਨਾਂ ਨੂੰ ਮੁਰਦਿਆਂ ਦੇ ਉੱਤਰੇ ਕਪੜੇ ਪਾਉਣ, ਟੁੱਟ ਭਾਂਡਿਆਂ ਵਿਚ ਖਾਣ ਅਤੇ ਪਿੰਡਾਂ ਤੋਂ ਬਾਹਰ ਰਹਿਣ ਦਾ ਹੱਕ ਸੀ। ਉਹ ਆਪਣੀ ਸਾਰੀ ਜ਼ਿੰਦਗੀ ਸੇਵਾ ਅਤੇ ਗੁਲਾਮੀ ਵਿਚ ਗੁਜਾਰ ਸਕਦੇ ਸਨ।

ਭਾਰਤੀ ਸੰਸਕ੍ਰਿਤ ਸਾਹਿਤ ਸਦਕਾ ਮੱਧਕਾਲੀ ਹਿੰਦੁਸਤਾਨ ਵਿਚ ਜਾਤੀਆਂ ਨੂੰ ਪੰਜ ਸਮੂਹਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲਾ ਦ੍ਵਿਜ-ਜਨਮਿਤ, ਦੂਜਾ ਉਹ ਜਾਤਾਂ ਜਿਨ੍ਹਾਂ ਦੇ ਹੱਥੋਂ ਪੱਕਿਆ ਭੋਜਨ ਦ੍ਵਿਜ-ਜਨਮਿਤ ਜਾਤਾਂ ਖਾ ਸਕਦੀਆਂ ਹਨ, ਤੀਜਾ ਉਹ ਜਾਤਾਂ ਜਿੰਨ੍ਹਾਂ ਦੇ ਹੱਥਾਂ ਦਾ ਪੱਕਿਆ ਹੋਇਆ ਕਿਸੇ ਵੀ ਪ੍ਰਕਾਰ ਦਾ ਭੋਜਣ ਦ੍ਵਿਜ-ਜਨਮਿਤ ਜਾਤਾਂ ਪ੍ਰਵਾਨ ਨਹੀਂ ਕਰ ਸਕਦੀਆਂ, ਪਰੰਤੂ ਪਾਣੀ ਪੀ ਸਕਦੀਆਂ ਹਨ, ਚੌਥਾ, ਉਹ ਜਾਤਾਂ ਜੋ ਅਛੂਤ ਤਾਂ ਨਹੀਂ ਪਰੰਤੂ ਉਹਨਾਂ ਦੇ ਹਥੋਂ ਦ੍ਵਿਜ-ਜਨਮਿਤ ਜਾਤਾਂ ਪਾਣੀ ਵੀ ਨਹੀਂ ਲੈ ਸਕਦੀਆਂ, ਪੰਜਵਾਂ ਅਤੇ ਅੰਤਿਮ ਸਮੂਹ ਉਨ੍ਹਾਂ ਜਾਤਾਂ ਦਾ ਹੈ, ਜਿਨ੍ਹਾਂ ਨੂੰ ਛੂਹ ਜਾਣ ਨਾਲ ਨਾ ਕੇਵਲ ਦ੍ਵਿਜ-ਜਨਮਿਤ ਹੀ ਭਿੱਟੇ ਜਾਂਦੇ ਹਨ ਸਗੋਂ ਕੱਟੜ ਹਿੰਦੂ ਵੀ ਭਿੱਟੇ ਜਾਂਦੇ ਹਨ।"[51] ਤਾਮਿਲਨਾਡੂ ਵਿਚ ਤਾੜੀ ਦੀ ਸ਼ਰਾਬ ਕੱਢਣ ਵਾਲੀ ਸ਼ਾਨਾਰ ਜਾਤੀ ਦਾ ਮੈਂਬਰ ਜੇਕਰ ਕਿਸੇ ਬ੍ਰਾਹਮਣ ਕੋਲ 24 ਕਦਮਾਂ ਤੋਂ ਵਧ ਨੇੜੇ ਚਲਾ ਜਾਵੇ ਤਾਂ ਬ੍ਰਾਹਮਣ ਨੂੰ ਭਿੱਟ ਦੇਵੇਗਾ।"[52] "ਪੇਸ਼ਵਿਆਂ ਦੇ ਰਾਜ ਵਿਚ 'ਮਾਹਰ' ਅਤੇ 'ਮੰਗ' ਜਾਤੀ ਦੇ ਲੋਕਾਂ ਨੂੰ ਪੂਨੇ ਦੇ ਦਰਵਾਜਿਆਂ ਦੇ ਅੰਦਰ ਸ਼ਾਮ ਨੂੰ ਤਿੰਨ ਵਜੇ ਤੋਂ ਬਾਅਦ ਅਤੇ ਸਵੇਰੇ 9 ਵਜੇ ਤੋਂ ਪਹਿਲਾਂ, ਨਹੀਂ ਸੀ ਆਉਣ ਦਿੱਤਾ ਜਾਂਦਾ, ਕਿਉਂਕਿ ਨੌ ਵਜੇ ਤੋਂ ਪਹਿਲਾਂ ਅਤੇ ਤਿੰਨ ਵਜੇ ਤੋਂ ਬਾਅਦ ਉਨ੍ਹਾਂ ਦੇ ਪਰਛਾਵੇਂ ਵੱਡੇ ਹੋ ਜਾਂਦੇ ਹਨ ਅਤੇ ਪਰਛਾਵੇਂ ਕਿਸੇ ਉੱਚ ਜਾਤੀ ਦੇ ਮੈਂਬਰ ਉੱਤੇ-ਵਿਸ਼ੇਸ਼ਕਰ ਬ੍ਰਾਹਮਣਾਂ-ਉੱਤੇ ਪੈਣ ਕਰਕੇ ਉਨ੍ਹਾਂ ਦੇ ਭਿੱਟੇ ਜਾਣ ਦਾ ਡਰ ਹੁੰਦਾ ਸੀ।"[53] "ਸਾਰੇ

[50] ਉਹੀ, ਪੰਨਾ 524
[51] ਜੀ.ਐਸ. ਗੁਰੀਏ, ਭਾਰਤ ਵਿਚ ਜਾਤੀ ਅਤੇ ਨਸਲ, ਪੰਜਾਬੀ ਯੂਨੀਵਰਸਿਟੀ, ਪਟਿਆਲਾ (2003) ਪੰਨਾ 7.
[52] ਉਹੀ ਪੰਨਾ 9
[53] ਉਹੀ ਜੀ.ਐਸ. ਗੁਰੀਏ, ਭਾਰਤ ਵਿਚ ਜਾਤੀ ਅਤੇ ਨਸਲ, ਪੰਜਾਬੀ ਯੂਨੀਵਰਸਿਟੀ, ਪਟਿਆਲਾ (2003) ਪੰਨਾ 11

ਭਾਰਤ ਵਿਚ ਨੀਵੀਆਂ ਜਾਤੀਆਂ ਨੂੰ ਉਨ੍ਹਾਂ ਖੂਹਾਂ ਤੋਂ ਪਾਣੀ ਨਹੀਂ ਭਰਨ ਦਿੱਤਾ ਜਾਂਦਾ, ਜਿਨ੍ਹਾਂ ਤੋਂ ਉੱਚੀਆਂ ਜਾਤਾਂ ਦੇ ਲੋਕ ਪਾਣੀ ਭਰਦੇ ਹੋਣ।"[54] "ਮਰਾਠਾ ਦੇਸ਼ ਵਿਚ ਮਹਾਰ ਜਾਤੀ (ਅਛੂਤ) ਦਾ ਕੋਈ ਆਦਮੀ ਸੜਕ ਉੱਤੇ ਥੁੱਕ ਨਹੀਂ ਸਕਦਾ ਕਿਉਂਕਿ ਕਿਸੇ ਸ਼ੁਧ ਜਾਤੀ ਦੇ ਹਿੰਦੂ ਦੇ ਪੈਰਾਂ ਨਾਲ ਉਸ ਥੁੱਕ ਦੇ ਲੱਗ ਜਾਣ ਨਾਲ ਉਸ ਦੇ ਭਿੱਟੇ ਜਾਣ ਦਾ ਡਰ ਹੁੰਦਾ ਹੈ। ਇਸੇ ਲਈ ਉਨ੍ਹਾਂ ਨੂੰ ਥੁੱਕ ਸੁੱਟਣ ਲਈ ਆਪਣੀ ਗਰਦਨ ਨਾਲ ਇਕ ਮਿੱਟੀ ਦਾ ਭਾਂਡਾ ਲਟਕਾਉਣਾ ਪੈਂਦਾ ਹੈ, ਹੋਰ ਉਸਨੂੰ ਆਪਣੇ ਪੈਰਾਂ ਦੇ ਨਿਸ਼ਾਨ ਮਿਟਾਉਣ ਲਈ ਇਕ ਕੰਡੇਦਾਰ ਟਾਹਣੀ ਆਪਣੇ ਪਿੱਛੇ ਪੂਛ ਵਾਂਗ ਬੰਨਣੀ ਪੈਂਦੀ ਹੈ।"[55]

"ਮਾਲਾਬਾਰ ਅਤੇ ਪੂਰਬੀ ਤੱਟ ਦੇ ਤਾੜੀ ਸ਼ਰਾਬ ਕੱਢਣ ਵਾਲੇ 'ਇਜਵਾਹਾ' ਅਤੇ 'ਸ਼ਨਾਰ' ਲੋਕਾਂ ਨੂੰ ਆਪਣੇ ਸਿਰ ਉੱਤੇ ਛੱਤਰੀ ਕਰਨੀ, ਜੁੱਤੀ ਜਾਂ ਸੋਨੇ ਦੇ ਗਹਿਣੇ ਪਹਿਨਣ, ਗਾਂ ਦਾ ਦੁੱਧ ਚੋਣ ਦੀ ਆਗਿਆ ਨਹੀਂ ਸੀ।"[56] ਮੱਧਕਾਲ ਭਾਵੇਂ ਭਗਤੀ ਕਾਲ ਵੀ ਗਿਣਿਆਂ ਜਾਂਦਾ ਹੈ ਪਰ ਫਿਰ ਵੀ "1865 ਈ: ਤੱਕ 'ਤਾਇਨ' ਜਾਤੀ ਜਾਂ ਕਿਸੇ ਹੋਰ ਨੀਵੀਂ ਜਾਤੀ ਨਾਲ ਸੰਬੰਧ ਰਖਦੀਆਂ ਇਸਤਰੀਆਂ ਨੂੰ ਆਪਣੇ ਸਰੀਰ ਦੇ ਉਪਰਲੇ ਭਾਗ ਨੂੰ ਨੰਗਾ ਰੱਖਣਾ ਪੈਂਦਾ ਸੀ।"[57] ਆਪਣੀਆਂ ਛਾਤੀਆਂ ਨੂੰ ਢੱਕਣ ਦਾ ਹੱਕ ਲੈਣ ਲਈ ਇਨ੍ਹਾਂ ਔਰਤਾਂ ਨੂੰ ਸੰਘਰਸ਼ ਕਰਨਾ ਪਿਆ।ਇੱਥੋ ਤੱਕ ਕਿ "1843 ਈ: ਵਿਚ ਇਕ ਬ੍ਰਾਹਮਣ ਪ੍ਰੋਫੈਸਰ ਨੇ ਬੰਬਈ ਦੇ ਸਿੱਖਿਆ ਬੋਰਡ ਨੂੰ ਇਸ ਅਜਿਹੀ ਪੁਸਤਕ ਪ੍ਰਕਾਸ਼ਿਤ ਨਾ ਕਰਨ ਦੀ ਸਲਾਹ ਦਿੱਤੀ ਸੀ ਜਿਸ ਵਿਚ ਪਾਣਿਨੀ ਦੀ ਵਿਆਕਰਨ ਦੀਆਂ ਟੂਕਾਂ ਦਿੱਤੀਆਂ ਗਈਆਂ ਸਨ, ਕਿਉਂਕਿ ਜੇ ਉਹ ਪ੍ਰਕਾਸ਼ਿਤ ਹੋ ਜਾਂਦੀਆਂ ਤਾਂ ਉਸ ਦੀ (ਪਾਣਿਨੀ) ਦੀ ਬੇਇਜਤੀ ਹੋ ਜਾਵੇਗੀ।"[58]

ਦਰਅਸਲ "ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਉੱਚ ਜਾਤੀਆਂ ਅਕਸਰ ਸ਼ੂਦਰ ਔਰਤ ਨੂੰ ਆਪਣੀ ਕਾਮ ਵਾਸਨਾ ਪੂਰਤੀ ਦਾ ਸਾਧਨ ਹੀ ਮੰਨਦੀਆਂ ਸਨ। ਧਰਮ ਦੇ ਨਾਂ 'ਤੇ ਉੱਚ ਜਾਤੀ ਦੇ ਮਰਦ ਇਨ੍ਹਾਂ ਦਾ ਸਰੀਰਕ ਤੇ ਮਾਨਸਿਕ ਸ਼ੋਸ਼ਨ ਕਰਦੇ ਸਨ। ਧਾਰਮਿਕ ਸਵੀਕ੍ਰਿਤੀ ਪ੍ਰਾਪਤ ਬਲਾਤਕਾਰ ਅਤੇ ਮੰਦਿਰਾਂ ਵਿਚ ਚਲਦੀ ਵੈਸ਼ਯਾਵ੍ਰਿਤੀ, ਦੇਵਦਾਸੀ ਪ੍ਰਥਾ ਦੇ ਪਰਿਆਇਵਾਚੀ ਸੰਕਲਪ ਹਨ। ਉਹਨਾਂ ਦੇਵਦਾਸੀਆਂ ਵਿਚੋਂ ਪੈਦਾ ਹੋਏ ਬੱਚਿਆਂ ਨੂੰ 'ਹਰੀਜਨ' (ਰੱਬ ਦੇ ਬੱਚੇ) ਕਿਹਾ ਜਾਂਦਾ ਸੀ।ਜੋ ਨਾਮ ਬਾਅਦ ਵਿਚ ਗਾਂਧੀ ਨੇ ਦਲਿਤਾਂ ਲਈ ਵਰਤ

CGCTA

54 ਉਹੀ
55 ਉਹੀ ਪੰਨਾ 12
56 ਉਹੀ, ਪੰਨਾ 12-13
57 ਉਹੀ, ਪੰਨਾ 13
58 ਉਹੀ

ਕੇ ਪਰਿਪੱਕ ਕਰ ਦਿੱਤਾ। ਸਿਰਫ਼ ਸ਼ੂਦਰ ਔਰਤਾਂ ਹੀ ਦੇਵਦਾਸੀ ਪ੍ਰਥਾ ਦਾ ਸ਼ਿਕਾਰ ਹੁੰਦੀਆਂ ਸਨ। ਕੁਝ ਪਰਿਵਾਰਾਂ ਨੂੰ ਵਹਿਮ ਹੁੰਦਾ ਸੀ ਕਿ ਜੇਕਰ ਉਹ ਬ੍ਰਾਹਮਣਾਂ ਨੂੰ ਆਪਣੀਆਂ ਲੜਕੀਆਂ ਸੌਂਪ ਦੇਣਗੇ ਤਾਂ ਉਨ੍ਹਾਂ ਦਾ ਸਮਾਜਕ ਦਰਜਾ ਉੱਚਾ ਹੋ ਜਾਵੇਗਾ।"[59] ਪਰ ਅਜਿਹਾ ਕਦੇ ਹੋਇਆ ਨਹੀਂ। ਅੱਜ ਭਾਵੇਂ ਦੇਵ ਦਾਸੀ ਪ੍ਰਥਾ ਘੱਟ ਗਈ ਹੈ ਪਰ ਅਜੇ ਵੀ ਭਾਰਤ ਦੇ ਕਈ ਰਾਜਾਂ ਵਿਚ ਇਹ ਪ੍ਰਥਾ ਪ੍ਰਚਲਤ ਹੈ, ਜਿਸ ਅਧੀਨ "ਨੀਵਾਂ ਜਾਤੀ ਦੀਆਂ ਪੰਜ-ਛੇ ਸਾਲ ਦੀਆਂ ਕੁੜੀਆਂ ਨੂੰ ਮੰਦਿਰਾਂ ਵਿਚ ਹਿੰਦੂ ਦੇਵਤਿਆਂ ਨਾਲ ਵਿਆਹ ਦਿੱਤਾ ਜਾਂਦਾ ਅਤੇ ਮੰਦਿਰਾਂ ਦੇ ਬ੍ਰਾਹਮਣ ਪੁਜਾਰੀ ਤੇ ਉੱਚ ਜਾਤਾਂ ਦੇ ਮਰਦ ਉਨ੍ਹਾਂ ਦਾ ਰੱਜ ਕੇ ਸਰੀਰਕ ਸ਼ੋਸ਼ਣ ਕਰਦੇ ਹਨ।"[60]

"ਅੰਗਰੇਜ਼ ਭਾਰਤ ਵਿਚ ਵਪਾਰੀ ਅਤੇ ਜੇਤੂ ਬਣ ਕੇ ਆਏ, ਜਿੰਨ੍ਹਾਂ ਦਾ ਕੋਈ ਸਮਾਜ ਸੁਧਾਰਕ ਉਦੇਸ਼ ਨਹੀਂ ਸੀ। ਅੰਗਰੇਜ਼ਾਂ ਵੱਲੋਂ ਭਾਰਤੀਆਂ ਨੂੰ ਕਾਬੂ ਵਿਚ ਰੱਖਣ, ਆਪਣੀ ਪ੍ਰਭੂਸੱਤਾ ਨੂੰ ਬਣਾਈ ਤੇ ਬਚਾਈ ਰੱਖਣ ਲਈ ਸਭ ਤੋਂ ਜ਼ਰੂਰੀ ਸੀ ਕਿ ਉਹ ਭਾਰਤੀਆਂ ਨੂੰ ਜਾਤੀ ਆਧਾਰਿਤ ਵਰਗ ਵੰਡ ਵਿਚ ਵੰਡੀ ਰੱਖਣ ਤੇ ਰਾਜ ਕਰਨਾ। 19ਵੀਂ ਸਦੀ ਦੇ ਸ਼ੁਰੂ ਵਿਚ ਅੰਗਰੇਜ਼ਾਂ ਨੇ ਭਾਰਤੀ ਸਮਾਜਕ ਢਾਂਚੇ ਨੂੰ ਸਮਝਣ ਤੇ ਪਰਖਣ ਹਿੱਤ ਉਸ ਵਿਚ ਕਿਸੇ ਤਰ੍ਹਾਂ ਦੀ ਵੀ 'ਦਖਲ ਨਾ ਦੇਣ' ਦੀ ਨੀਤੀ ਅਪਨਾਈ ਤਾਂ ਜੋ ਉਹ ਆਪਣਾ ਰਾਜ ਪੂਰੇ ਭਾਰਤ ਵਿਚ ਤੇਜ਼ੀ ਨਾਲ ਫੈਲਾਅ ਸਕਣ।"[61] "20ਵੀਂ ਸਦੀ ਵਿਚ ਜਦੋਂ ਸੁਤੰਤਰਤਾ ਸੰਘਰਸ਼ ਵਧਿਆ ਤਾਂ ਇਸ ਨੀਤੀ ਨੇ ਪੂਰੇ ਭਾਰਤ ਵਿਚ ਨਵੀਂ ਤਰ੍ਹਾਂ ਦੀਆਂ ਸਥਿਤੀਆਂ ਬਣਾ ਦਿੱਤੀਆਂ। ਇਹ ਨੀਤੀ ਪਹਿਲਾਂ ਤੋਂ ਹੀ ਸਥਾਪਤ ਵਰਗ ਪਾੜੇ ਦੀ ਪਾਲਣਹਾਰ ਬਣ ਗਈ।"[62] "ਇੰਜ ਅੰਗਰੇਜ਼ਾਂ ਨੇ ਜਾਤੀ ਪ੍ਰਥਾ ਅਤੇ ਸਮਾਜਕ ਦਰਜਾ ਬੰਦੀ ਦਾ ਲਾਲਣ-ਪਾਲਣ ਆਪਣੇ ਹਿੱਤਾਂ ਲਈ ਹੀ ਕੀਤਾ।"[63] "ਈਸਾਈ ਮਿਸ਼ਨਰੀ ਵੀ ਦੱਬੀਆਂ ਕੁੱਚਲੀਆਂ ਜਾਤਾਂ ਦੇ ਸੁਧਾਰ ਲਈ ਅਗੇ ਆਏ ਭਾਵੇਂ ਕਿ ਉਨ੍ਹਾਂ ਦਾ ਮੂਲ ਉਦੇਸ਼ ਧਰਮ ਪਰਿਵਰਤਨ ਹੀ ਸੀ।... ਦਲਿਤਾਂ ਨੂੰ ਧਰਮ ਪਰਿਵਰਤਨ ਕਰ ਕੇ ਈਸਾਈ ਬਣਨ ਤੋਂ ਰੋਕਣ ਲਈ ਕੁਝ ਹਿੰਦੂਆਂ ਨੇ ਵੀ ਸੁਧਾਰਵਾਦੀ ਨੀਤੀ ਅਪਨਾਈ।"[64]

CGCTA

---

[59] www.gktoday.in/gk/devdasi-system-historical-background-and-supreme-court-stance/accessedon28/8/17.

[60] Ankur Shingal, The Devdasi System : Temple prostitution in India, UCLA women's Law Jouranl , University of Californai (2015) pg 22.

[61] ਮਮਤਾ, ਮਹਿਮੀ, ਸ਼ਡਿਊਲਡ ਕਾਸਟ : ਸੰਕਲਪਗਤ ਅਧਿਐਨ, ਪੰਜਾਬੀ ਸਹਿਤ : ਦਲਿਤ ਪ੍ਰਵਚਨ, ਯੂਨੀਸਟਾਰ ਬੁਕਸ ਪ੍ਰਾਈ-ਲਿਮਿ ਚੰਡੀਗੜ (2015) ਪੰਨਾ 19

[62] S.K. Chatterjee, The Scheduled Castes in India, Vol I, Gyan Publishing House, New Delhi (2008) pg 151.

[63] ਮਮਤਾ ਮਹਿਮੀ, ਸ਼ਡਿਊਲਡ ਕਾਸਟ : ਸਕੰਲਪਗਤ ਅਧਿਐਨ, ਪੰਜਾਬੀ ਸਹਿਤ : ਦਲਿਤ ਪ੍ਰਵਚਨ, ਯੂਨੀਸਟਾਰ ਬੁਕਸ ਪ੍ਰਾਈ-ਲਿਮਿ ਚੰਡੀਗੜ (2015) ਪੰਨਾ 19.

[64] ਉਹੀ

"ਲਾਰਡ ਮਾਇਓ ਨੇ 1871 ਈ: ਵਿਚ ਭਾਰਤ ਵਿਚ ਸਭ ਤੋਂ ਪਹਿਲੀ ਜਨ-ਗਣਨਾ ਦਾ ਆਯੋਜਨ ਕੀਤਾ। ਅੰਗਰੇਜ਼ਾਂ ਨੇ ਭਾਰਤੀ ਜਨ-ਗਣਨਾ ਨੂੰ ਇਕ ਹਥਿਆਰ ਵਾਂਗੂ ਵਰਤਿਆ—1881 ਈ: ਵਿਚ ਪਲੋਡਨ ਨੇ ਕਿੱਤੇ/ਜਾਤੀਆਂ ਆਧਾਰਿਤ ਜਨਗਣਨਾ ਦੀ ਸ਼ਿਫਾਰਿਸ਼ ਕੀਤੀ। ਇਥੋਂ ਹੀ ਅਨੁਸੂਚਿਤ ਜਾਤੀਆਂ ਦੀਆਂ ਸੂਚੀਆਂ ਬਣਾਉਣ ਦੀ ਸ਼ੁਰੂਆਤ ਮੰਨੀ ਜਾਂਦੀ ਹੈ।"[65] "1911 ਈ. ਦੀ ਜਨ-ਗਨਣਾ ਦੇ ਕਮਿਸ਼ਨਰ ਨੂੰ ਇਹ ਹਿਦਾਇਤਾਂ ਦਿੱਤੀਆਂ ਗਈਆਂ ਕਿ ਉਹ ਕੁਝ ਜਾਤਾਂ ਅਤੇ ਕਬੀਲਿਆਂ ਦੀ ਅਜਿਹੀ ਸੂਚੀ ਤਿਆਰ ਕਰੇ ਜਿੰਨ੍ਹਾਂ ਨੂੰ ਅਛੂਤ ਕਿਹਾ ਜਾ ਸਕੇ (ਇਥੋਂ ਹੀ ਅਸਲ ਵਿਚ ਸ਼ਡਿਊਲਡ ਕਾਸਟ ਐਂਡ ਸ਼ਡਿਊਲਡ ਟ੍ਰਾਇਬ ਸ਼ਬਦ ਹੋਂਦ ਵਿਚ ਆਏ)।"[66] "ਅਜਿਹੀਆਂ ਸੂਚੀਆਂ ਵਿਚ ਉਹ ਜਾਤਾਂ/ਕਬੀਲੇ ਸ਼ਾਮਿਲ ਹੋਏ ਜਿਨ੍ਹਾਂ ਨੂੰ ਹਿੰਦੂ ਮੰਦਿਰਾਂ ਵਿਚ ਜਾਣਾ ਵਰਜਿਤ ਹੈ, ਜਿੰਨਾਂ ਦੇ ਛੂਹਣ ਅਤੇ ਪਰਛਾਵੇਂ ਨਾਲ ਹੀ ਲੋਕ ਭਿੱਟੇ ਜਾਂਦੇ ਹਨ, ਜੋ ਲੋਕ ਮੁਰਦੇ ਦਬਦੇ, ਮੱਝਾਂ ਖਾਂਦੇ, ਜਿੰਨ੍ਹਾਂ ਦੇ ਹੱਥੋਂ ਪਾਣੀ ਨਹੀਂ ਪੀਤਾ ਜਾ ਸਕਦਾ, ਆਮ ਸੜਕਾ, ਖੂਹਾਂ ਅਤੇ ਸਕੂਲਾਂ ਵਿਚ ਜਿਨ੍ਹਾਂ ਦਾ ਪ੍ਰਵੇਸ਼ ਵਰਜਿਤ ਹੈ ਆਦਿ।"[67]

ਉਪਰੋਕਤ ਸਾਰੀ ਨਿਸ਼ਾਨਦੇਹੀ ਸ਼ੂਦਰਾਂ ਨੂੰ ਅਤਿ-ਸ਼ੂਦਰ ਘ੍ਰਿਣਤ, ਦਲਿਤ, ਸ਼ਡਿਊਲਡ ਕਾਸਟ/ਸ਼ਡਿਊਲਡ ਟ੍ਰਾਇਬ ਸਾਬਿਤ ਕਰਦੇ ਹਨ। "ਪੰਜਾਬ ਵਿਚ ਜਿਥੇ ਨੇੜੇ ਆਉਣ ਨਾਲ ਭਿੱਟੇ ਜਾਣ ਸੰਬੰਧੀ ਪਾਬੰਦੀਆਂ ਐਨੀਆਂ ਸਖਤ ਨਹੀਂ ਹਨ, ਜਿੰਨੀਆਂ ਭਾਰਤ ਦੇ ਦੂਸਰੇ ਭਾਗਾਂ ਵਿਚ।"[68]ਮੌਜੂਦ ਹਨ। ਪੰਜਾਬ ਵਿਚ ਇਹ ਸ਼ੂਦਰ, ਦਲਿਤ ਜਾਂ ਸ਼ਡਿਊਲਡ ਕਾਸਟ ਵੱਡੀ ਗਿਣਤੀ ਵਿਚ ਮੌਜੂਦ ਹਨ। ਇਹਨਾਂ ਦੀ ਇਕ ਲੰਮੀ ਸੂਚੀ ਹੈ।

ਜਿੰਨ੍ਹਾਂ ਦੀ ਸੂਚੀ ਕੁਝ ਇੰਵ ਹੈ:- "ਆਦਿ ਧਰਮੀ, ਬਾਲਮੀਕਿ, ਚੂਹੜਾ, ਭੰਗੀ, ਬਰਾਰ, ਬੁਰਾਰ, ਬੇਰਾੜ, ਬਟਵਾਲ, ਬਾਉਰੀਆ, ਬੌਰੀਆ, ਬਾਜ਼ੀਗਰ, ਭੰਜੜਾ, ਚਮਾਰ, ਜਟੀਆ, ਰੈਗਰ, ਰਾਏਗਾਰ, ਰਾਮਦਾਸੀ, ਰਵਿਦਾਸੀ, ਚਾਨਲ, ਦਾਗੀ, ਡਰੈਨ, ਦੇਹਾ, ਧਾਇਆ, ਧੇਹਾ, ਧਾਨਕ, ਡੂੰਮਾ, ਮਹਾਸ਼ਾ, ਡੂੰਮ, ਡਾਗਰਾ, ਗਾਨਧਿਲਾ, ਗਾਨਦਿਲ, ਗੋਨਡੋਲਾ, ਕਬੀਰ ਪੰਥੀ, ਜੁਲਾਹਾ, ਖਟਿਕ, ਕੋਰੀ, ਕੋਲੀ, ਮਰਿਜਾ, ਮਰਿਚਾ, ਮਜ਼੍ਹਬੀ, ਮੇਘ, ਨਟ, ਓਡ, ਪਾਸੀ, ਪੇਰਨਾ, ਫੇਰਾਰਾ, ਸਾਨਹਾਏ, ਸਾਂਸੀ, ਭੇਡਕੁੱਟ, ਮਨੈਸ਼, ਸਨਸੋਈ, ਸਾਪੇਲਾ ਸਰੇਰਾ, ਸ਼ਿਕਲੀਗਰ, ਸ਼ਿਕਰੀਬੰਦ, ਮਹਾਤਮ ਅਤੇ ਰਾਏ ਸਿੱਖ।"[69]

65 ਉਹੀ,ਪੰਨਾ 20
66 ਉਹੀ, ਪੰਨਾ 21
67 ਮਮਤਾ ਮਹਿਮੀ, ਸ਼ਡਿਊਲਡ ਕਾਸਟ : ਸਕੰਲਪਗਤ ਅਧਿਐਨ, ਪੰਜਾਬੀ ਸਹਿਤ : ਦਲਿਤ ਪ੍ਰਵਚਨ, ਯੂਨੀਸਟਾਰ ਬੁਕਸ ਪ੍ਰਾਈ-ਲਿਮਿ ਚੰਡੀਗੜ (2015) ਪੰਨਾ-21.
68 ਜੀ.ਐਸ.ਗੁਰੀਏ, ਉਹੀ, ਪੰਨਾ 12
69 ਅਨੁਸੂਚਿਤ ਜਾਤੀ ਅਤੇ ਜਨਜਾਤੀ ਦੇ ਪਹਿਲੇ ਆਡਰ ਦੀ ਸੋਧ ਐਕਟ 1976 ਭਾਗ-14 (ਪੰਜਾਬ)

CGCTA

ਅਜ਼ਾਦੀ ਤੋਂ ਬਾਅਦ ਭਾਰਤੀ ਸੰਵਿਧਾਨ ਨੇ ਇਹਨਾਂ ਜਾਤਾਂ ਦੇ ਲੋਕਾਂ ਦੇ ਉੱਦਾਰ ਲਈ ਬਹੁਤ ਸਾਰੇ ਹੱਕ ਦਿੱਤੇ। ਜਿਸਨੂੰ ਰਾਖਵਾਂ ਕਰਨ ਕਿਹਾ ਜਾਂਦਾ ਹੈ। ਸੰਵਿਧਾਨਕ ਅਧਿਕਾਰਾਂ ਦੀ ਵਰਤੋਂ ਕਰਕੇ, ਅੱਜ ਦਲਿਤ ਕੁਝ ਹੱਦ ਤੱਕ ਭਾਵੇਂ ਆਰਥਿਕ ਤੌਰ 'ਤੇ ਸਾਧਨ ਸੰਪੰਨ ਹੋਇਆ ਹੈ, ਉਸਨੇ ਆਪਣੀ ਜੀਵਨ ਜਾਚ ਵਿਚ ਸੁਧਾਰ ਲਿਆਉਣ ਦੀ ਕੋਸ਼ਿਸ਼ ਕੀਤੀ ਹੈ ਬਾਵਜੂਦ ਇਸਦੇ ਦਲਿਤ ਅੱਜ ਵੀ ਉਹ ਸਮਾਜਕ ਦਰਜਾ ਹਾਸਲ ਨਹੀਂ ਕਰ ਸਕਿਆ ਜੋ ਭਾਰਤ ਦੀ ਗ਼ੈਰ-ਦਲਿਤ ਵਸੋਂ ਨੂੰ ਹਾਸਲ ਹੈ। ਦਲਿਤ ਨਾਲ ਭੇਦ-ਭਾਵ ਜਾਂ ਵਿਤਕਰਾ ਇਸ ਲਈ ਨਹੀਂ ਕੀਤਾ ਜਾਂਦਾ ਕਿ ਉਹ ਅਸਿੱਖਿਅਤ ਹੈ, ਅਣਪੜ੍ਹ ਹੈ ਜਾਂ ਗਰੀਬ ਹੈ ਸਗੋਂ ਉਸ ਦੀ ਨੀਵੀਂ ਜਾਤੀ ਹੀ ਉਸ ਦੇ ਸ਼ੋਸ਼ਣ ਦਾ ਕਾਰਨ ਬਣਦੀ ਹੈ।

ਹਿੰਦੂ ਧਰਮ ਗ੍ਰੰਥਾਂ; ਰਿਗ-ਵੇਦ, ਪੁਰਾਣ, ਮਹਾਂ ਕਾਵਿ ਅਤੇ ਮਨੂ ਸਮ੍ਰਿਤੀ ਆਦਿ ਨੇ ਵਰਨ ਵਿਵਸਥਾ ਅਤੇ ਛੂਆ-ਛੂਤ ਦੀਆਂ ਜੜ੍ਹਾਂ ਇੰਨੀਆਂ ਡੂੰਘੀਆਂ ਕਰ ਦਿੱਤੀ ਹਨ ਕਿ ਉਹ ਲੋਕ ਮਾਨਸਿਕਤਾ ਦਾ ਹਿੱਸਾ ਬਣ ਚੁੱਕਾ ਹੈ। ਸੰਵਿਧਾਨਕ ਅਧਿਕਾਰਾਂ ਦੇ ਮਿਲਣ ਕਰਕੇ ਅੱਜ ਭਾਰਤ ਦਾ ਹਰੇਕ ਨਾਗਰਿਕ ਬਰਾਬਰ ਹੈ, ਪਰ ਇਹ ਬਰਾਬਰਤਾ ਦਿਸਦੇ ਪੱਧਰ 'ਤੇ ਹੀ ਜਾਪਦੀ ਹੈ। ਅਣਦਿਸਦੇ ਪੱਧਰ 'ਤੇ ਅਜੇ ਵੀ ਜਾਤੀਗਤ ਭੇਦ ਭਾਵ ਭਾਰਤੀ ਸਮਾਜ ਦਾ ਅਟੁੱਟ ਅੰਗ ਹੈ।

ਅੱਜ ਇਹ ਛੂਆ-ਛਾਤ ਜਿਸਮਾਨੀ ਪੱਧਰ ਦੇ ਨਾਲ-ਨਾਲ ਮਾਨਸਿਕ ਪੱਧਰ ਤੇ ਵੀ ਹੁੰਦੀ ਹੈ। ਕਿਉਂ ਜੋ ਸਮਾਜ ਦੀ Collective Conciousness ਦਲਿਤ ਨੂੰ ਬਰਾਬਰ ਦਾ ਕਦੇ ਵੀ ਸਵੀਕਾਰ ਨਹੀਂ ਕਰਦੀ। ਲੋਕ ਮਾਨਸਿਕਤਾ ਵਿਚ ਦਲਿਤ ਅੱਜ ਵੀ 'ਭਿੱਟ' ਨਾਲ ਜੁੜਿਆ ਹੋਇਆ ਹੈ। 'The Untouchability Offencive Act, 1955' ਨੇ ਛੂਆ-ਛਾਤ ਨੂੰ ਕਾਨੂੰਨ ਅਪਰਾਧ ਘੋਸ਼ਿਤ ਕਰ ਦਿੱਤਾ ਪਰ ਇਹ ਕਾਨੂੰਨ ਵੀ ਦਲਿਤਾਂ ਦੀ ਦਾਸਤਾਂ ਬਦਲ ਨਾ ਸਕਿਆ। ਅਜਿਹੀਆਂ ਸੈਕੜਿਆਂ ਖਬਰਾਂ ਆਏ ਦਿਨ ਅਖਬਾਰਾਂ ਵਿਚ ਛੱਪਦੀਆਂ ਰਹਿੰਦੀਆਂ ਹਨ, ਜਦੋਂ ਦਲਿਤਾਂ ਨੂੰ ਸਿਰਫ਼ ਇਸ ਕਰਕੇ ਸਰੀਰਕ, ਮਾਨਸਿਕ ਅਤੇ ਆਰਥਿਕ ਸ਼ੋਸ਼ਨ ਦਾ ਸ਼ਿਕਾਰ ਹੋਣਾ ਪਿਆ, ਕਿਉਂਕਿ ਉਹ ਨੀਵੀਂ ਜਾਤੀ ਨਾਲ ਸੰਬੰਧਿਤ ਹਨ।

ਦਰਅਸਲ, ਭਾਰਤੀ ਸਮਾਜ ਦੀ ਵਿਡੰਬਣਾ ਹੈ ਕਿ ਇਹ ਸੰਵਿਧਾਨਕ ਨਾ ਚੱਲ ਕੇ ਅੱਜ ਵੀ ਧਾਰਮਿਕ ਅਕੀਦਿਆਂ 'ਤੇ ਚਲ ਰਿਹਾ ਹੈ। ਇਸੇ ਲਈ ਸਮਾਜ ਵਿਚੋਂ ਜਾਤ-ਪਾਤ ਮੁਕੰਮਲ ਰੂਪ ਵਿਚ ਖ਼ਤਮ ਨਹੀਂ ਹੋ ਰਹੀ। ਪੁਰਾਣੀਆਂ ਕਈ ਪੀੜ੍ਹੀਆਂ ਨੂੰ ਤਾਂ ਜਾਤੀਵਾਦ ਦੀ ਸਿਉਂਕ ਖੋਖ਼ਲਾ ਕਰ ਚੁੱਕੀ ਹੈ, ਪਰ ਅਜੋਕੀ ਪੀੜ੍ਹੀ ਦਾ ਨੌਜਵਾਨ ਵੀ ਕੁਝ ਹੱਦ ਤਕ ਇਸਦਾ ਸ਼ਿਕਾਰ ਬਣਦਾ ਜਾ ਰਿਹਾ ਹੈ। ਇਸੇ ਲਈ ਕਈ ਵਾਰ ਮਹਿਸੂਸ ਹੁੰਦਾ

CGCTA

ਹੈ ਕਿ ਇਕ ਭਾਰਤ ਵਿਚ ਦੋ ਭਾਰਤ ਵੱਸ ਰਹੇ ਹਨ।ਉੱਚੀਆਂ ਜਾਤਾਂ ਲਈ ਭਾਰਤ ਹੋਰ ਤਰ੍ਹਾਂ ਦਾ ਹੈ ਅਤੇ ਨੀਵੀਆਂ ਜਾਤਾਂ ਲਈ ਹੋਰ। ਸਮੇਂ ਦੀ ਮੰਗ ਇਸ ਨੂੰ ਇਕ ਕਰਨ ਦੀ ਹੈ।

CGCTA